# ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਵਿੱਚ ਕਿਰਤ ਵਲੋਂ ਪਾਇਆ ਹਿੱਸਾ



ਫ਼ਰੈਡਰਿਕ ਏਂਗਲਜ਼

# ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਵਿੱਚ ਕਿਰਤ ਵੱਲੋਂ ਪਾਇਆ ਹਿੱਸਾ




ਲੇਖਕ

**ਫ਼ਰੈਡਰਿਕ ਏਂਗਲਜ਼**

28 ਨਵੰਬਰ 1820—05 ਅਗਸਤ 1895



**ਬਾਦਵਾਨ ਪ੍ਰਕਾਸ਼ਨ**

ਪੱਖੋਵਾਲ਼, (ਲੁਧਿਆਣਾ)।

# ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਵਿੱਚ ਕਿਰਤ ਵੱਲੋਂ ਪਾਇਆ ਹਿੱਸਾ


ਲੇਖਕ

**ਫ਼ਰੈਡਰਿਕ ਏਂਗਲਜ਼**

ਮੂਲ ਅਨੁਵਾਦ

**ਪ੍ਰਗਤੀ ਪ੍ਰਕਾਸ਼ਨ, ਮਾਸਕੋ**

ਅਨੁਵਾਦ ਸੋਧਕ

**ਡਾ. ਦਰਸ਼ਨ ਖੇੜੀ**



**ਪਹਿਲੀ ਵਾਰ** - ਮਈ 2009

**ਪ੍ਰਕਾਸ਼ਕ** : ਬਾਦਵਾਨ ਪ੍ਰਕਾਸ਼ਨ, ਪਿੰਡ ਅਤੇ ਡਾਕ-ਪੱਖੋਵਾਲ,
ਜਿਲ੍ਹਾ-ਲੁਧਿਆਣਾ।
ਫੋਨ : 9417642785

**ਕੀਮਤ:** 15 ਰੁਪਏ

*Bander ton manukh tak tabdili vich kirat valon paya hissa*
by FREDERICK ENGELS

# ਦੋ ਸ਼ਬਦ

ਫ੍ਰੈਡਰਿਕ ਏਂਗਲਜ਼ ਦੀ ਇਹ ਲਘੂ ਪਰ ਮਹਾਨ ਕਿਰਤ ਮਨੁੱਖ ਦੇ ਅਜੋਕੇ ਸਰੂਪ ਦੀ ਉਸਾਰੀ ਵਿੱਚ ਕਿਰਤ ਵੱਲੋਂ ਪਾਏ ਗਏ ਬਹੁ-ਪਸਾਰੀ ਯੋਗਦਾਨ ਉੱਪਰ ਬਹੁਤ ਹੀ ਖ਼ੂਬਸੂਰਤ ਅਤੇ ਵਿਗਿਆਨਕ ਤਰੀਕੇ ਨਾਲ਼ ਚਾਨਣਾ ਪਾਉਂਦੀ ਹੈ। ਜਿਹਾ ਕਿ ਏਂਗਲਜ਼ ਨੇ ਇੱਥੇ ਆਪ ਵੀ ਸਪੱਸ਼ਟ ਕੀਤਾ ਹੈ ਕਿ ਜੀਵ-ਵਿਕਾਸ ਦਾ ਵਿਗਿਆਨਕ ਸਿਧਾਂਤ ਦੇਣ ਵਾਲ਼ੇ ਡਾਰਵਿਨ ਦੇ ਮੱਤ ਨੂੰ ਮੰਨਣ ਵਾਲੇ ਵਿਗਿਆਨੀ ਵੀ ਬਾਂਦਰ ਤੋਂ ਮਨੁੱਖ ਦੀ ਉੱਤਪਤੀ ਦੀ ਸ਼ੁਰੂਆਤ ਹੋਣ ਵਾਲ਼ੀ ਘੁੰਡੀ ਨੂੰ ਪੂਰੀ ਤਰ੍ਹਾਂ ਹੱਲ ਨਹੀਂ ਕਰ ਸਕੇ ਕਿਉਂਕਿ ਉਹ ਮਨੁੱਖੀ ਸਰੀਰ ਦੀ ਰਚਨਾ ਪ੍ਰਕ੍ਰਿਆ ਵਿੱਚ ਕਿਰਤ ਵੱਲੋਂ ਨਿਭਾਈ ਗਈ (ਅਤੇ ਨਿਭਾਈ ਜਾ ਰਹੀ) ਕੇਂਦਰੀ ਭੂਮਿਕਾ ਨੂੰ ਦੇਖਣ ਤੋਂ ਅਸਮਰੱਥ ਰਹੇ ਅਤੇ ਇਸ ਤਰ੍ਹਾਂ ਪ੍ਰਕ੍ਰਿਤੀ ਦੇ ਪਸਾਰ ਵਜੋਂ ਮਨੁੱਖ ਦੇ ਆਗਮਨ ਦੀ ਸਹੀ ਤੇ ਸਟੀਕ ਵਿਆਖਿਆ ਨਾ ਕਰ ਸਕੇ ਅਤੇ ਅੰਤ ਨੂੰ ਇਸ ਮਾਮਲੇ ਵਿੱਚ ਅਧਿਆਤਮਵਾਦੀ ਨਜ਼ਰੀਏ ਦਾ ਸ਼ਿਕਾਰ ਹੋ ਗਏ। ਏਂਗਲਜ਼ ਦੀ ਇਸ ਕਿਰਤ ਦੀ ਅਹਿਮੀਅਤ ਇਸੇ ਘੁੰਡੀ ਨੂੰ ਹੱਲ ਕਰਨ ਵਿੱਚ ਹੈ ਕਿ ਮਨੁੱਖ ਦਾ ਅਜੋਕਾ ਰੂਪ ਕਿਰਤ ਦੀ ਸਿਰਜਣਾਤਮਿਕਤਾ ਦੀ ਹੀ ਦੇਣ ਹੈ। ਭਾਵ ਮਨੁੱਖ ਕਿਰਤ ਦਾ ਸਾਧਨ ਹੀ ਨਹੀਂ ਸਗੋਂ ਇਹ ਆਪ ਵੀ ਕਿਰਤ ਦੀ ਹੀ ਉਪਜ ਹੈ।

ਸਭ ਤੋਂ ਪਹਿਲਾਂ ਇਸ ਰਚਨਾ ਦਾ ਪੰਜਾਬੀ ਰੂਪ ਸੋਵੀਅਤ ਯੂਨੀਅਨ ਦੇ ਪ੍ਰਗਤੀ ਪ੍ਰਕਾਸ਼ਨ ਵੱਲੋਂ ਛਾਪਿਆ ਗਿਆ ਸੀ, ਪਰ ਅੱਜ ਇਹ ਕਿਧਰੇ ਵੀ ਉਪਲਬਧ ਨਹੀਂ ਹੈ। ਇਸ ਲਈ ਅਸੀਂ ਇਸਦੇ ਪਹਿਲੋਂ ਹੋਏ ਪੰਜਾਬੀ ਅਨੁਵਾਦ ਵਿੱਚ ਕੁੱਝ ਜ਼ਰੂਰੀ ਸੋਧਾਂ ਕਰਦੇ ਹੋਏ ਇਸਨੂੰ ਮੁੜ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਆਸ ਹੈ ਕਿ ਸਾਡਾ ਇਹ ਨਿਕਚੂ ਜਿਹਾ ਉਪਰਾਲਾ ਜਗਿਆਸੂ ਪਾਠਕਾਂ ਦਾ ਵਿਗਿਆਨਕ ਨਜ਼ਰੀਆ ਘੜਨ ਵਿੱਚ ਜ਼ਰੂਰ ਹੀ ਸਹਾਈ ਸਿੱਧ ਹੋਵੇਗਾ।

ਇਸੇ ਆਸ ਨਾਲ਼,
ਅਦਾਰਾ ਬਾਦਵਾਨ

# ਪ੍ਰਕਾਸ਼ਕ (ਸੋਵੀਅਤ) ਵੱਲੋਂ

ਇਹ ਲੇਖ ਇੱਕ ਲੰਮੇਰੀ ਕਿਰਤ, ਜਿਸ ਦਾ ਨਾਂ ਸੀ 'ਗ਼ੁਲਾਮੀ ਦੇ ਤਿੰਨ ਬੁਨਿਆਦੀ ਰੂਪ' ਦੀ ਭੂਮਿਕਾ ਵਜੋਂ ਚਿਤਵਿਆ ਗਿਆ ਸੀ। ਪਰ ਇਹ ਪਲਾਨ ਪੂਰੀ ਨਾ ਹੋ ਸਕੀ ਅਤੇ ਏਂਗਲਜ਼ ਨੇ ਭੂਮਿਕਾ ਵਾਲੇ ਹਿੱਸੇ ਨੂੰ 'ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਵਿੱਚ ਕਿਰਤ ਵੱਲੋਂ ਪਾਇਆ ਹਿੱਸਾ' ਦਾ ਨਾਂ ਦਿੱਤਾ। ਇਸ ਲੇਖ਼ ਵਿੱਚ ਏਂਗਲਜ਼ ਨੇ ਮਨੁੱਖ ਦੇ ਸਰੀਰਕ ਰੂਪ ਅਤੇ ਮਨੁੱਖੀ ਸਮਾਜ ਦੇ ਬਣਨ ਵਿੱਚ ਕਿਰਤ ਅਤੇ ਔਜ਼ਾਰਾਂ ਦੇ ਆਗਮਨ ਦੀ ਫ਼ੈਸਲਾਕੁੰਨ ਭੂਮਿਕਾ ਦਾ ਵਿਸ਼ਲੇਸ਼ਣ ਕੀਤਾ ਹੈ। ਉਹਨੇ ਵਿਖ਼ਾਇਆ ਕਿ ਕਿਵੇਂ ਇੱਕ ਲੰਮੇ ਇਤਿਹਾਸਿਕ ਅਮਲ ਦੇ ਸਿੱਟੇ ਵਜ਼ੋਂ ਸਾਡੇ ਬਾਂਦਰ-ਹਾਰ ਵਡੇਰੇ ਸਿਫ਼ਤੀ ਤੌਰ ਤੇ ਵੱਖਰੇ ਜੀਵ-ਮਨੁੱਖ ਵਿੱਚ ਤਬਦੀਲ ਹੋ ਗਏ।

ਸ਼ਇਦ ਇਹ ਲੇਖ਼ ਜੂਨ 1876 ਵਿੱਚ ਲਿਖਿਆ ਗਿਆ ਅਤੇ ਪਹਿਲੀ ਵਾਰ ਏਂਗਲਜ਼ ਦੇ ਮਰਨ ਉਪਰੰਤ 1896 ਵਿੱਚ 'ਨਵਾਂ ਯੁੱਗ' ਰਸਾਲੇ ਵਿੱਚ ਛਪਿਆ।

# ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਵਿੱਚ ਕਿਰਤ ਵੱਲੋਂ ਪਾਇਆ ਹਿੱਸਾ

ਅਰਥ-ਵਿਗਿਆਨੀਆਂ ਦਾ ਦਾਅਵਾ ਹੈ ਕਿ ਕਿਰਤ ਕੁੱਲ ਸੰਪੱਤੀ ਦਾ ਸ੍ਰੋਤ ਹੈ। ਅਸਲ ਵਿੱਚ ਇਹ ਸ੍ਰੋਤ ਤਾਂ ਹੈ ਪਰ ਪ੍ਰਕ੍ਰਿਤੀ ਤੋਂ ਪਿਛੋਂ। ਪ੍ਰਕ੍ਰਿਤੀ ਹੀ ਇਹਨੂੰ ਉਹ ਸਮੱਗਰੀ ਦਿੰਦੀ ਹੈ ਜਿਸਨੂੰ ਇਹ ਸੰਪੱਤੀ ਵਿੱਚ ਤਬਦੀਲ ਕਰਦੀ ਹੈ। ਪਰ ਉਹ (ਕਿਰਤ-ਅਨੁ.) ਇਹਦੇ ਤੋਂ ਵੀ ਕਿਤੇ ਵੱਡੀ ਚੀਜ਼ ਹੈ। ਉਹ ਸਮੁੱਚੀ ਮਨੁੱਖੀ ਹੋਂਦ ਦੀ ਪਹਿਲੀ ਬੁਨਿਆਦੀ ਸ਼ਰਤ ਹੈ ਅਤੇ ਇਸ ਹੱਦ ਤੱਕ ਪਹਿਲੀ ਬੁਨਿਆਦੀ ਸ਼ਰਤ ਹੈ ਕਿ ਇੱਕ ਅਰਥ ਵਿੱਚ ਸਾਨੂੰ ਕਹਿਣਾ ਪਏਗਾ ਕਿ ਖ਼ੁਦ ਮਨੁੱਖ ਦੀ ਸਿਰਜਣਾ ਵੀ ਕਿਰਤ ਨੇ ਹੀ ਕੀਤੀ ਹੈ।

ਅੱਜ ਤੋਂ ਲੱਖਾਂ ਵਰ੍ਹੇ ਪਹਿਲਾਂ, ਧਰਤੀ ਦੇ ਇਤਿਹਾਸ ਵਿੱਚ ਭੂ-ਗਰਭ ਵਿਗਿਆਨੀਆਂ ਵੱਲੋਂ ਤ੍ਰਿਤੀਯ (Tertiary) ਕਹੇ ਜਾਣ ਵਾਲੇ ਯੁੱਗ ਦੇ ਇੱਕ ਸਮੇਂ ਵਿੱਚ, ਜਿਸਨੂੰ ਅਜੇ ਠੀਕ ਤਰ੍ਹਾਂ ਮਿਥਿਆ ਨਹੀਂ ਜਾ ਸਕਦਾ ਪਰ ਜਿਹੜਾ ਸ਼ਾਇਦ ਤ੍ਰਿਤੀਯ ਯੁੱਗ ਦੇ ਅੰਤ ਦਾ ਸਮਾਂ ਰਿਹਾ ਹੋਵੇਗਾ, ਕਿਧਰੇ ਤਪਤ ਖ਼ੰਡ ਦੇ ਕਿਸੇ ਇਲਾਕੇ ਵਿੱਚ-ਸ਼ਾਇਦ ਇੱਕ ਵਿਸ਼ਾਲ ਮਹਾਂਦੀਪ ਵਿੱਚ, ਜਿਹੜਾ ਹੁਣ ਹਿੰਦ ਮਹਾਂਸਾਗਰ ਵਿੱਚ ਸਮਾ ਗਿਆ ਹੈ-ਮਨੁੱਖੀ ਚਿਹਰੇ-ਮੁਹਰੇ ਵਾਲ਼ੇ ਬਾਂਦਰਾਂ ਦੀ ਵਿਸ਼ੇਸ਼ ਤੌਰ 'ਤੇ ਬਹੁਤ ਜ਼ਿਆਦਾ ਵਿਕਸਤ ਇੱਕ ਨਸਲ ਰਹਿੰਦੀ ਸੀ। ਡਾਰਵਿਨ[1] ਨੇ ਸਾਡੇ ਇਹਨਾਂ ਵਡੇਰਿਆਂ ਦਾ ਲਗਭਗ ਯਥਾਰਥਕ ਵਰਨਣ ਕੀਤਾ ਹੈ। ਉਹਨਾਂ ਦਾ ਸਾਰਾ ਸਰੀਰ ਵਾਲ਼ਾਂ ਨਾਲ਼ ਕੱਜਿਆ ਹੋਇਆ ਹੁੰਦਾ ਸੀ, ਉਹਨਾਂ ਦੀ ਦਾੜ੍ਹੀ ਅਤੇ ਨੋਕੀਲੇ ਕੰਨ ਹੁੰਦੇ ਸਨ ਅਤੇ ਉਹ ਝੁੰਡਾਂ ਵਿੱਚ ਰੁੱਖਾਂ ਉੱਤੇ ਰਿਹਾ ਕਰਦੇ ਸਨ[2]।

ਸ਼ਾਇਦ ਉਹਨਾਂ ਦੇ ਜੀਵਨ ਢੰਗ ਦਾ (ਜਿਸ ਵਿੱਚ ਰੁੱਖਾਂ ਉੱਤੇ ਚੜ੍ਹਨ ਸਮੇਂ ਹੱਥਾਂ ਅਤੇ ਪੈਰਾਂ ਦੀ ਵਰਤੋਂ ਵੱਖ-ਵੱਖ ਢੰਗਾਂ ਨਾਲ਼ ਕੀਤੀ ਜਾਂਦੀ ਸੀ) ਹੀ ਇਹ ਫ਼ੌਰੀ ਸਿੱਟਾ ਸੀ ਕਿ ਪੱਧਰੀ ਜ਼ਮੀਨ ਉੱਤੇ ਚੱਲਣ ਸਮੇਂ ਉਹ ਹੱਥਾਂ ਦਾ ਸਹਾਰਾ ਘੱਟ ਲੈਣ ਲੱਗ ਪਏ ਅਤੇ ਸਦਾ ਵਧੇਰੇ ਸਿੱਧੇ ਖੜ੍ਹੇ ਹੋ ਕੇ ਚੱਲਣ ਲੱਗ ਪਏ। ਇਹ **ਬਾਂਦਰ ਤੋਂ ਮਨੁੱਖ ਵੱਲ ਤਬਦੀਲੀ ਦੀ ਇੱਕ ਫ਼ੈਸਲਾਕੁੰਨ ਪੁਲਾਂਘ ਸੀ**।

ਅੱਜ ਦੇ ਸਭੇ ਮਨੁੱਖੀ ਚਿਹਰੇ-ਮੁਹਰੇ ਵਾਲ਼ੇ ਬਾਂਦਰ (Ape) ਸਿੱਧੇ ਖੜ੍ਹੇ ਹੋ ਸਕਦੇ ਹਨ ਅਤੇ ਕੇਵਲ ਪੈਰਾਂ ਭਾਰ ਚੱਲ ਸਕਦੇ ਹਨ, ਪਰ ਉਦੋਂ ਹੀ ਜਦ ਸਖ਼ਤ ਲੋੜ ਹੋਵੇ ਅਤੇ ਉਹ ਵੀ ਬੜੇ ਭੱਦੇ ਢੰਗ ਨਾਲ਼। ਉਹਨਾਂ ਦੇ ਚੱਲਣ ਦਾ ਕੁਦਰਤੀ ਢੰਗ ਕੁੱਬੇ ਹੋ ਕੇ ਚੱਲਣਾ ਹੈ ਅਤੇ ਇਸ ਵਿੱਚ ਹੱਥਾਂ ਦੀ ਵਰਤੋਂ ਸ਼ਾਮਿਲ ਹੁੰਦੀ ਹੈ। ਇਹਨਾਂ ਵਿੱਚੋਂ ਵਧੇਰੇ ਉਂਗਲ਼ੀਆਂ ਦੇ ਵਿਚਕਾਰਲੇ ਜੋੜ ਨੂੰ ਜ਼ਮੀਨ ਉੱਤੇ ਰੱਖਦੇ ਹਨ ਅਤੇ ਪੈਰਾਂ ਨੂੰ ਖਿੱਚ ਕੇ ਆਪਣੇ ਸਰੀਰ ਨੂੰ ਲੰਮੀਆਂ ਬਾਹਾਂ ਵਿੱਚੋਂ ਝੁਲਾਉਂਦੇ ਹਨ, ਜਿਵੇਂ ਲੰਗੜੇ ਮਨੁੱਖ ਬੈਸਾਖੀ ਦੇ ਸਹਾਰੇ ਚੱਲਦੇ ਹਨ। ਆਮ ਤੌਰ 'ਤੇ ਅਸੀਂ ਬਾਂਦਰਾਂ ਵਿੱਚ ਅੱਜ ਵੀ ਚੌਪਾਇਆਂ ਵਾਂਗ ਚੱਲਣ ਤੋਂ ਲੈ ਕੇ ਪੈਰਾਂ ਭਾਰ ਚੱਲਣ ਦੀਆਂ ਤਬਦੀਲੀ ਦੀਆਂ ਸੱਭੇ ਮੰਜ਼ਿਲਾਂ ਦੇਖ ਸਕਦੇ ਹਾਂ। ਪਰ ਉਹਨਾਂ ਵਿੱਚੋਂ ਕਿਸੇ ਲਈ ਵੀ ਪੈਰਾਂ-ਭਾਰ ਚੱਲਣਾ ਇੱਕ ਆਰਜੀ ਗੱਲ ਤੋਂ ਵੱਧ ਨਹੀਂ ਹੁੰਦਾ।

ਸਾਡੇ ਜੱਤਲ਼ (Hairy) ਵਡੇਰਿਆਂ ਦੀ ਸਿੱਧੀ ਚਾਲ ਪਹਿਲਾਂ ਨਿਯਮਤ ਹੋ ਬਣ ਜਾਣ ਅਤੇ ਉਸ ਤੋਂ ਪਿਛੋਂ ਲੋੜ ਬਣ ਜਾਣ ਦਾ ਸਿੱਟਾ ਇਹ ਹੈ ਕਿ ਵਿਚਕਾਰਲੇ ਸਮੇਂ ਵਿੱਚ ਨਵੇਂ-ਨਵੇਂ ਕੰਮ ਹੱਥਾਂ ਉੱਤੇ ਪੈਂਦੇ ਗਏ ਹੋਣਗੇ। ਬਾਂਦਰ ਜਾਤੀਆਂ ਦੇ ਹੱਥਾਂ ਅਤੇ ਪੈਰਾਂ ਦੀ ਵਰਤੋਂ ਵਿੱਚ ਇੱਕ ਤਰ੍ਹਾਂ ਦਾ ਫ਼ਰਕ ਦੇਖਿਆ ਜਾਂਦਾ ਹੈ। ਜਿਹਾ ਕਿ ਪਹਿਲਾਂ ਕਿਹਾ ਜਾ ਚੁੱਕਿਆ ਹੈ ਰੁੱਖਾਂ ਉੱਤੇ ਚੜ੍ਹਨ

ਸਮੇਂ ਹੱਥਾਂ ਦੀ ਵਰਤੋਂ ਪੈਰਾਂ ਨਾਲੋਂ ਵੱਖਰੇ ਢੰਗ ਨਾਲ਼ ਕੀਤੀ ਜਾਂਦੀ ਹੈ। ਜਿਹਾ ਕਿ ਨੀਵੀਂ ਜਾਤੀ ਦੇ ਦੁੱਧ ਚੁੰਘਾਊ ਜੀਵਾਂ ਵਿੱਚ ਅਗਲੇ ਪੰਜੇ ਦੀ ਵਰਤੋਂ ਸਬੰਧੀ ਵੇਖਿਆ ਜਾਂਦਾ ਹੈ, ਹੱਥ ਸਭ ਤੋਂ ਪਹਿਲਾਂ ਖੁਰਾਕ ਇਕੱਠੀ ਕਰਨ ਅਤੇ ਖਾਣ ਦੇ ਕੰਮ ਆਉਂਦੇ ਹਨ। ਕਈ ਬਾਂਦਰ ਰੁੱਖਾਂ ਵਿੱਚ ਆਪਣੇ ਲਈ ਰੈਣ-ਬਸੇਰਾ ਬਣਾਉਣ ਲਈ ਹੱਥਾਂ ਦੀ ਵਰਤੋਂ ਕਰਦੇ ਹਨ ਅਤੇ ਚਿੰਪਾਂਜ਼ੀ ਵਾਂਗ ਮਾੜੇ ਮੌਸਮ ਤੋਂ ਬਚਣ ਲਈ ਟਹਿਣੀਆਂ ਵਿੱਚ ਛੱਤ ਜਿਹੀ ਵੀ ਬਣਾ ਲੈਂਦੇ ਹਨ। ਦੁਸ਼ਮਣ ਤੋਂ ਬਚਣ ਲਈ ਆਪਣੇ ਹੱਥ ਵਿੱਚ ਡੰਡਾ ਫੜਦੇ ਹਨ ਜਾਂ ਦੁਸ਼ਮਣ ਉੱਤੇ ਫਲ਼ਾਂ ਜਾਂ ਪੱਥਰਾਂ ਦੀ ਵਰਖਾ ਕਰਦੇ ਹਨ। ਫੜੇ ਜਾਣ ਦੀ ਹਾਲਤ ਵਿੱਚ ਉਹ ਮਨੁੱਖਾਂ ਦੀ ਨਕਲ ਵਿੱਚ ਕਈ ਸੌਖੇ ਕੰਮ ਆਪਣੇ ਹੱਥਾਂ ਨਾਲ਼ ਕਰਦੇ ਹਨ। ਪਰ ਐਨ ਇੱਥੇ ਹੀ ਅਸੀਂ ਵੇਖਦੇ ਹਾਂ ਕਿ ਵੱਧ ਤੋਂ ਵੱਧ ਵਿਕਸਿਤ ਮਨੁੱਖੀ ਚਿਹਰੇ ਮੁਹਰੇ ਵਾਲ਼ੇ ਬਾਂਦਰ ਦੇ ਅਣ-ਵਿਕਸਿਤ ਹੱਥਾਂ ਅਤੇ ਲੱਖਾਂ ਵਰ੍ਹਿਆਂ ਦੀ ਕਿਰਤ ਰਾਹੀਂ ਬਹੁਤ ਜ਼ਿਆਦਾ ਨਿਪੁੰਨ ਹੋਏ ਮਨੁੱਖੀ ਹੱਥ ਵਿਚਕਾਰ ਕਿੰਨਾਂ ਜ਼ਿਆਦਾ ਫ਼ਰਕ ਹੈ। ਦੋਨਾਂ ਵਿੱਚ ਹੱਡੀਆਂ ਅਤੇ ਪੱਠਿਆਂ ਦੀ ਗਿਣਤੀ ਅਤੇ ਉਹਨਾਂ ਦੀ ਆਮ ਬੀੜ ਇੱਕੋ ਜਿਹੀ ਹੁੰਦੀ ਹੈ। ਪਰ ਘੱਟ ਤੋਂ ਘੱਟ ਵਿਕਸਿਤ ਮਨੁੱਖ ਦੇ ਹੱਥ ਵੀ ਸੈਂਕੜੇ ਅਜਿਹੇ ਕੰਮ ਪੂਰੇ ਕਰ ਸਕਦੇ ਹਨ, ਜਿੰਨ੍ਹਾਂ ਦੀ ਕੋਈ ਬਾਂਦਰ ਹੱਥ ਨਕਲ ਨਹੀਂ ਕਰ ਸਕਦਾ। ਕਿਸੇ ਵੀ ਬਾਂਦਰ ਦੇ ਹੱਥ ਅੱਜ ਤੱਕ ਪੱਥਰ ਦੀ ਭੱਦੀ ਤੋਂ ਭੱਦੀ ਛੁਰੀ ਵੀ ਨਹੀਂ ਘੜ ਸਕੇ।

ਇਸ ਲਈ ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਦੇ ਹਜ਼ਾਰਾਂ ਵਰ੍ਹਿਆਂ ਵਿੱਚ ਸਾਡੇ ਵਡੇਰਿਆਂ ਨੇ ਜਿੰਨ੍ਹਾਂ ਕੰਮਾਂ ਲਈ ਆਪਣੇ ਹੱਥਾਂ ਨੂੰ ਅਨੁਕੂਲਣਾ ਹੌਲ਼ੀ-ਹੌਲ਼ੀ ਸਿੱਖਿਆ ਹੋਵੇਗਾ, ਉਹ ਬਹੁਤ ਸਾਦੇ ਰਹੇ ਹੋਣਗੇ। ਪਰ ਸਭ ਤੋਂ ਘੱਟ ਵਿਕਸਿਤ ਜੰਗਲ਼ੀ ਮਨੁੱਖ ਵੀ, ਇਥੋਂ ਤੱਕ ਕਿ ਉਹ ਵੀ ਜਿੰਨ੍ਹਾਂ ਵਿੱਚ ਸਾਨੂੰ ਸਰੀਰਕ ਪਤਨ ਸਮੇਤ ਪਸ਼ੂਆਂ ਵਰਗੀ ਹਾਲਤ ਵੱਲ ਨੂੰ ਉਲਟ ਵਿਕਾਸ ਦਿਸਦਾ ਹੈ, ਇਹਨਾਂ ਸੰਗਰਾਂਦੀ (Transitional) ਜੀਵਾਂ ਨਾਲੋਂ ਉਚੇਰੇ ਹਨ। ਮਨੁੱਖੀ ਹੱਥਾਂ ਰਾਹੀਂ ਚਕਮਾਕ ਪੱਥਰ ਦੀ ਪਹਿਲੀ ਛੁਰੀ ਬਣਾਏ ਜਾਣ ਤੋਂ ਪਹਿਲਾਂ ਏਨਾਂ ਸਮਾਂ ਲੰਘਿਆ ਹੋਵੇਗਾ, ਜਿਸਦੇ ਮੁਕਾਬਲੇ ਉੱਤੇ ਜਾਣਿਆ ਜਾ ਚੁੱਕਾ ਕੁੱਲ ਇਤਿਹਾਸਕ ਸਮਾਂ ਨਿਗੂਣਾ ਜਾਪਦਾ ਹੈ। ਪਰ ਫੈਸਲਾਕੁੰਨ ਪੁਲਾਂਘ ਪੁੱਟੀ ਜਾ ਚੁੱਕੀ ਸੀ, **ਹੱਥ ਮੁਕਤ ਹੋ ਗਿਆ ਸੀ** ਅਤੇ ਹੁਣ ਸਦਾ ਵਧੇਰੇ ਫੁਰਤੀ ਅਤੇ ਨਿਪੁੰਨਤਾ ਪ੍ਰਾਪਤ ਕਰ ਸਕਦਾ ਸੀ ਅਤੇ ਇਉਂ ਪ੍ਰਾਪਤ ਕੀਤੀ ਸ਼ਾਨਦਾਰ ਲਚਕ ਪੀੜ੍ਹੀ ਦਰ ਪੀੜ੍ਹੀ ਵਿਰਸੇ ਵਿੱਚੋਂ ਲਈ ਅਤੇ ਵਧਾਈ ਜਾਂਦੀ ਸੀ।

ਇਉਂ ਹੱਥ ਕੇਵਲ ਕਿਰਤ ਦਾ ਅੰਗ ਹੀ ਨਹੀਂ, **ਇਹ ਕਿਰਤ ਦੀ ਉਪਜ ਵੀ ਹੈ**। ਕੇਵਲ ਕਿਰਤ ਰਾਹੀਂ ਹੀ, ਸਦਾ ਨਵੇਂ ਕੰਮਾਂ ਕਾਰਾਂ ਦੇ ਅਨੁਕੂਲ ਬਣਨ ਰਾਹੀਂ, ਇਉਂ ਪ੍ਰਾਪਤ ਕੀਤੇ ਪੱਠਿਆਂ ਅਤੇ ਜੋੜਾਂ ਦੇ-ਅਤੇ ਲੰਮੇਰੇ ਸਮੇਂ ਵਿੱਚ ਹੱਡੀਆਂ ਦੇ-ਵਿਸੇਸ਼ ਵਿਕਾਸ ਦੇ ਵਿਰਸੇ ਵਿੱਚ ਮਿਲਣ ਅਤੇ ਵਿਰਸੇ ਵਿੱਚ ਮਿਲੀ ਇਸ ਬਰੀਕੀ ਦੀ ਨਵੇਂ ਅਤੇ ਸਦਾ ਵਧੇਰੇ ਗੁੰਝਲ਼ਦਾਰ ਕੰਮਾਂ ਵਿੱਚ ਨਵਿਆਈ ਵਰਤੋਂ ਰਾਹੀਂ ਹੀ ਮਨੁੱਖੀ ਹੱਥ ਨੇ ਨਿਪੁੰਨਤਾ ਦੀ ਉਹ ਪੱਧਰ ਪ੍ਰਾਪਤ ਕੀਤੀ ਹੈ ਜਿਸ ਸਦਕਾ ਰਾਫ਼ੇਲ[3] ਜਿਹੀ ਚਿੱਤਰਕਾਰੀ, ਥੋਰਵਾਲਦਸੇਨ[4] ਜਿਹੀ ਮੂਰਤੀਕਾਰੀ ਅਤੇ ਪਾਗਾਨੀਨੀ[5] ਜਿਹਾ ਸੰਗੀਤ ਸੰਭਵ ਹੋਇਆ।

ਪਰ ਹੱਥ ਦੀ ਆਪਣੇ ਆਪ ਵਿੱਚ ਕੋਈ ਆਜ਼ਾਦ ਹੋਂਦ ਨਹੀਂ ਸੀ। ਇਹ ਇੱਕ ਸਮੁੱਚੀ, ਅਤਿ ਗੁੰਝਲਦਾਰ ਸਰੀਰਕ ਬਣਤਰ ਦਾ ਇੱਕ ਹਿੱਸਾ ਹੀ ਸੀ ਅਤੇ ਜਿਸ ਚੀਜ਼ ਨੇ ਹੱਥ ਨੂੰ ਲਾਭ ਪਹੁੰਚਾਇਆ, ਉਸਨੇ ਇਸ ਪੂਰੇ ਸਰੀਰ ਨੂੰ ਲਾਭ ਪਹੁੰਚਾਇਆ, ਜਿਸ ਦੀ ਹੱਥ ਸੇਵਾ ਕਰਦਾ ਸੀ। ਅਤੇ ਅਜਿਹਾ ਦੋ ਤਰ੍ਹਾਂ ਹੋਇਆ।

ਪਹਿਲੀ ਗੱਲ ਤਾਂ ਇਹ ਕਿ ਸਰੀਰ ਨੂੰ ਉਸ ਨਿਯਮ ਅਨੁਸਾਰ ਲਾਭ ਪੁੱਜਾ ਜਿਸਨੂੰ ਡਾਰਵਿਨ ਨੇ ਵਾਧੇ ਦੇ ਅੰਤਰ-ਸੰਬੰਧ (The law of co-relation of growth) ਦਾ ਨਿਯਮ ਕਿਹਾ। ਇਸ ਨਿਯਮ ਅਨੁਸਾਰ ਕਿਸੇ ਜੀਵ ਦੇ ਵੱਖ-ਵੱਖ ਅੰਗਾਂ ਦੇ ਵਿਸ਼ੇਸ਼ ਰੂਪ ਦੂਜੇ ਹਿੱਸਿਆਂ ਦੇ ਕੁੱਝ ਅਜਿਹੇ ਰੂਪਾਂ ਨਾਲ਼ ਜੁੜੇ ਹੁੰਦੇ ਹਨ ਜਿੰਨ੍ਹਾਂ ਦਾ ਵੇਖਣ ਨੂੰ ਇਹਨਾਂ ਨਾਲ਼ ਕੋਈ ਸੰਬੰਧ ਨਹੀਂ ਜਾਪਦਾ। ਮਿਸਾਲ ਵਜੋਂ ਜਿੰਨ੍ਹਾਂ ਪਸ਼ੂਆਂ ਵਿੱਚ ਅੰਕੁਰੀ ਕੇਂਦਰਕਾਂ (Nucleus) ਤੋਂ ਬਿਨਾਂ ਖ਼ੂਨ ਦੇ ਲਾਲ ਅੰਕੁਰ (Red Blood Cells) ਹੁੰਦੇ ਹਨ ਅਤੇ ਜਿੰਨਾਂ ਦੇ ਸਿਰ ਦਾ ਅੰਤਿਮ ਹਿੱਸਾ ਦੂਹਰੀ ਸੰਧੀ (ਹੱਡੀਆਂ ਦੇ ਜੋੜ) ਰਾਹੀਂ ਰੀੜ੍ਹ ਦੀ ਹੱਡੀ ਦੇ ਪਹਿਲੇ ਮਣਕੇ ਨਾਲ਼ ਦੋ ਥਾਂ ਤੋਂ ਘੁੰਮਦਾ ਹੈ। ਬਿਨ੍ਹਾਂ ਕਿਸੇ ਛੋਟ ਉਹਨਾਂ ਸਭਨਾਂ ਦੀਆਂ ਆਪਣੇ ਬੱਚਿਆਂ ਨੂੰ ਚੁੰਘਾਉਣ ਲਈ ਦੁੱਧ ਦੇਣ ਵਾਲ਼ੀਆਂ ਗ੍ਰੰਥੀਆਂ ਹੁੰਦੀਆਂ ਹਨ। ਇਸੇ ਤਰ੍ਹਾਂ ਜਿੰਨ੍ਹਾਂ ਦੁੱਧ ਚੁੰਘਾਉਣ ਵਾਲ਼ੇ ਜਾਨਵਰਾਂ ਦੇ ਖੁਰ ਹੁੰਦੇ ਹਨ ਉਹਨਾਂ ਵਿੱਚ ਇਹਦੇ ਨਾਲ਼ ਹੀ ਨਾਲ਼ ਜੁਗਾਲ਼ੀ ਲਈ ਬਹੁ ਖ਼ਾਨਿਆਂ ਵਾਲ਼ਾ ਮਿਹਦਾ ਵੀ ਜ਼ਰੂਰ ਹੀ ਹੁੰਦਾ ਹੈ। ਕੁੱਝ ਰੂਪਾਂ ਵਿੱਚ ਤਬਦੀਲੀ ਦੇ ਨਾਲ਼ ਨਾਲ਼ ਸਰੀਰ ਦੇ ਹੋਰਨਾਂ ਹਿੱਸਿਆਂ ਦੇ ਰੂਪਾਂ ਵਿੱਚ ਵੀ ਤਬਦੀਲੀ ਆਉਂਦੀ ਹੈ, ਭਾਵੇਂ ਅਸੀਂ ਇਹਨਾਂ ਵਿਚਕਾਰ ਸੰਬੰਧ ਦੀ ਵਿਆਖਿਆ ਨਹੀਂ ਕਰ ਸਕਦੇ। ਨੀਲੀਆਂ ਅੱਖਾਂ ਵਾਲੀਆਂ ਬਿਲਕੁਲ ਚਿੱਟੀਆਂ ਬਿੱਲੀਆਂ ਆਮ ਤੌਰ ਤੇ ਬੋਲ਼ੀਆਂ ਹੁੰਦੀਆਂ ਹਨ। ਮਨੁੱਖੀ ਹੱਥ ਦੀ ਸਦਾ ਵਧਦੀ ਨਿਪੁੰਨਤਾ ਅਤੇ ਇਹਦੀ ਨਿਸਬਤ ਨਾਲ਼ ਹੀ ਪੈਰਾਂ ਦੇ ਸਿੱਧਾ ਚੱਲਣ ਦੇ ਅਨੁਕੂਲ ਬਣਨ ਦਾ, ਇਸੇ ਅੰਤਰ-ਸੰਬੰਧ ਕਾਰਨ, ਸਰੀਰ ਦੇ ਹੋਰਨਾਂ ਹਿੱਸਿਆਂ ਉੱਤੇ ਪ੍ਰਭਾਵ ਪਿਆ। ਪਰ ਅਜੇ ਤੱਕ ਇਸ ਪ੍ਰਭਾਵ ਦੀ ਇੰਨੀ ਥੋੜ੍ਹੀ ਖੋਜ ਪਰਖ ਕੀਤੀ ਗਈ ਹੈ ਕਿ ਅਸੀਂ ਇਸ ਸੰਬੰਧੀ ਆਮ ਤੌਰ ਤੇ ਗੱਲ ਕਰਨ ਤੋਂ ਬਿਨਾਂ ਕੁੱਝ ਕਹਿ ਨਹੀਂ ਸਕਦੇ।

ਹੱਥ ਦੇ ਵਿਕਾਸ ਦਾ ਬਾਕੀ ਦੇ ਸਰੀਰ ’ਤੇ ਪਿਆ ਸਿੱਧਾ, ਪਰਖਣਯੋਗ (Demonstrable) ਅਸਰ ਇਸ ਤੋਂ ਕਿਤੇ ਵਧੇਰੇ ਮਹੱਤਵਪੂਰਣ ਹੈ। ਜਿਹਾ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ ਸਾਡੇ ਵੱਡ-ਵਡੇਰੇ, ਮਨੁੱਖੀ ਚਿਹਰੇ ਮੁਹਰੇ ਵਾਲ਼ੇ ਬਾਂਦਰ ਸਨ ਜੋ ਝੁੰਡਾਂ ਵਿੱਚ ਰਹਿਣ ਵਾਲ਼ੇ ਜੀਵ ਸਨ। ਇਹ ਸਪੱਸ਼ਟ ਹੈ ਕਿ ਸਭ ਤੋਂ ਵੱਧ ਸਮਾਜੀ ਜੀਵ ਭਾਵ ਮਨੁੱਖ ਦੀ ਉੱਤਪਤੀ ਕਿਸੇ ਸਭ ਤੋਂ ਨਜ਼ਦੀਕੀ ਅਜਿਹੇ ਵਡੇਰਿਆਂ ਜੋ ਝੁੰਡਾਂ ਵਿੱਚ ਨਾ ਰਹਿੰਦੇ ਹੋਣ, ਤੋਂ ਸਾਬਤ ਕਰਨ ਦਾ ਯਤਨ ਕਰਨਾ ਅਸੰਭਵ ਹੈ। ਪ੍ਰਕ੍ਰਿਤੀ ਉੱਤੇ ਗ਼ਲਬੇ ਨੇ, ਜਿਸਦਾ ਆਗ਼ਾਜ਼ ਹੱਥ ਦੇ ਵਿਕਾਸ ਨਾਲ਼, ਕਿਰਤ ਨਾਲ਼ ਹੋਇਆ, ਹਰ ਨਵੇਂ ਵਾਧੇ ਨਾਲ਼ ਮਨੁੱਖ ਦੇ ਦਿਸ-ਹੱਦੇ ਵਿਸ਼ਾਲ ਕੀਤੇ। ਉਹ ਲਗਾਤਾਰ ਪ੍ਰਕ੍ਰਿਤਕ ਵਸਤੂਆਂ ਦੀਆਂ ਨਵੀਆਂ ਅਤੇ ਤੱਕ ਨਾ-ਜਾਣੀਆਂ ਸਿਫਤਾਂ ਲੱਭਦਾ ਰਹਿੰਦਾ। ਦੂਜੇ ਹੱਥ ਕਿਰਤ ਦੇ ਵਿਕਾਸ ਨੇ ਪ੍ਰਸਪਰ ਸਹਾਇਤਾ, ਸਾਂਝੀ ਸਰਗਰਮੀ ਦੀਆਂ ਮਿਸਾਲਾਂ ਦੀ ਗਿਣਤੀ ਵਧਾ ਕੇ ਅਤੇ ਹਰ ਵਿਅਕਤੀ ਲਈ ਇਸ ਸਾਂਝੀ ਕਾਰਵਾਈ ਦੇ ਲਾਭ ਸਪੱਸ਼ਟ ਕਰਕੇ ਸਮਾਜ ਦੇ ਵਿਅਕਤੀਆਂ ਨੂੰ ਵਧੇਰੇ ਨੇੜੇ ਲਿਆਉਣ ਵਿੱਚ ਲਾਜ਼ਮੀ ਤੌਰ ’ਤੇ ਸਹਾਇਤਾ ਦਿੱਤੀ। ਮੁੱਕਦੀ ਗੱਲ, ਵਿਕਸਤ ਹੋ ਰਹੇ ਮਨੁੱਖ ਅਜਿਹੀ ਥਾਂ ਅੱਪੜ ਗਏ ਜਿੱਥੇ ਉਹਨਾਂ ਨੂੰ ਇੱਕ ਦੂਜੇ ਨੂੰ ਕੁੱਝ ਕਹਿਣ ਦੀ ਲੋੜ ਅਨੁਭਵ ਹੋਣ ਲੱਗ ਪਈ। ਇਸ ਪ੍ਰੇਰਨਾ ਨੇ ਆਪਣਾ ਅੰਗ ਘੜਿਆ-ਬਾਂਦਰ ਦੀ ਅਣਵਿਕਸਤ ਘੰਡੀ ਦੀ ਆਵਾਜ਼ ਦੇ ਉਤਾਰ-ਚੜ੍ਹਾਅ ਰਾਹੀਂ ਹੌਲ਼ੀ-ਹੌਲ਼ੀ ਪਰ ਨਿਸ਼ਚੇ ਹੀ ਅਜਿਹੀ ਕਾਇਆ-ਪਲਟ ਹੋਈ ਕਿ ਇਹ ਲਗਾਤਾਰ ਵਧੇਰੇ ਵਿਕਸਤ ਉਤਾਰ-ਚੜ੍ਹਾਅ ਪੈਦਾ ਕਰਨ ਲੱਗ ਪਈ ਅਤੇ ਮੂੰਹ ਦੇ ਅੰਗ ਹੌਲ਼ੀ-ਹੌਲ਼ੀ ਇੱਕ ਤੋਂ ਪਿੱਛੋਂ ਦੂਜੀ ਸਪੱਸ਼ਟ ਧੁਨੀ ( Articulate Sound) ਕੱਢਣ ਲੱਗ ਪਏ।

ਪਸ਼ੂਆਂ ਨਾਲ਼ ਮੁਕਾਬਲੇ ਤੋਂ ਸਾਬਤ ਹੁੰਦਾ ਹੈ ਕਿ ਇਹ ਇਸ ਗੱਲ ਦੀ ਇੱਕੋ ਇੱਕ ਠੀਕ

ਵਿਆਖਿਆ ਹੈ ਕਿ ਕਿਰਤ ਰਾਹੀਂ ਅਤੇ ਕਿਰਤ ਦੇ ਨਾਲ਼ ਬੋਲੀ ਦਾ ਵਿਕਾਸ ਹੋਇਆ। ਵੱਧ ਤੋਂ ਵੱਧ ਵਿਕਸਤ ਪਸ਼ੂ ਵੀ ਜੋ ਕੁੱਝ ਥੋੜ੍ਹਾ ਜਿਹਾ ਇੱਕ ਦੂਜੇ ਨੂੰ ਦੱਸਣਾ ਚਾਹੁੰਦੇ ਹਨ ਉਹ ਸਪੱਸ਼ਟ ਧੁਨੀ ਦੀ ਸਹਾਇਤਾ ਤੋਂ ਬਿਨਾਂ ਹੀ ਦੱਸ ਸਕਦੇ ਹਨ। ਪ੍ਰਕ੍ਰਿਤਕ ਹਾਲਤ ਵਿੱਚ ਕਿਸੇ ਪਸ਼ੂ ਨੂੰ ਬੋਲਣ ਜਾਂ ਮਨੁੱਖੀ ਬੋਲੀ ਸਮਝਣੋਂ ਅਸਮਰੱਥ ਹੋਣ ਕਾਰਨ ਔਖ ਅਨੁਭਵ ਨਹੀਂ ਹੁੰਦੀ। ਪਰ ਜਦੋਂ ਮਨੁੱਖ ਇਹਨੂੰ ਪਾਲਤੂ ਬਣਾ ਲੈਂਦਾ ਹੈ ਤਾਂ ਹਾਲਤ ਉੱਕਾ ਹੀ ਵੱਖਰੀ ਹੋ ਜਾਂਦੀ ਹੈ। ਮਨੁੱਖ ਦੀ ਸੰਗਤ ਕਾਰਨ ਕੁੱਤੇ ਅਤੇ ਘੋੜੇ ਨੇ ਸਪੱਸ਼ਟ ਧੁਨੀ ਸਮਝਣ ਦੀ ਅਜਿਹੀ ਯੋਗਤਾ ਵਿਕਸਤ ਕਰ ਲਈ ਹੈ ਕਿ ਉਹ ਆਪਣੇ ਵਿਚਾਰਾਂ ਦੇ ਘੇਰੇ ਦੇ ਅੰਦਰ ਕੋਈ ਵੀ ਭਾਸ਼ਾ ਸਮਝਣਾ ਸੌਖੇ ਹੀ ਸਿੱਖ ਸਕਦੇ ਹਨ। ਨਾਲ਼ੇ ਉਹਨਾਂ ਮਨੁੱਖ ਲਈ ਪਿਆਰ, ਕ੍ਰਿਤਗਤਾ ( Gratitude) ਆਦਿ, ਅਜਿਹੇ ਭਾਵ ਪ੍ਰਾਪਤ ਕਰ ਲਏ ਹਨ ਜਿਹੜੇ ਪਹਿਲਾਂ ਉਹਨਾਂ ਲਈ ਓਪਰੇ ਸਨ। ਜਿਸ ਕਿਸੇ ਦਾ ਅਜਿਹੇ ਪਸ਼ੂਆਂ ਨਾਲ਼ ਚੋਖਾ ਸੰਬੰਧ ਰਿਹਾ ਹੈ, ਉਹ ਸ਼ਾਇਦ ਹੀ ਇਹ ਮੰਨੇ ਬਿਨਾਂ ਰਹਿ ਸਕੇ ਕਿ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਹਨ ਜਿੰਨ੍ਹਾਂ ਵਿੱਚ ਪਸ਼ੂ ਹੁਣ ਬੋਲਣੋਂ ਅਸਮਰੱਥ ਰਹਿਣ ਨੂੰ ਇੱਕ ਘਾਟ ਸਮਝਦੇ ਹਨ, ਭਾਵੇਂ ਉਹਨਾਂ ਦੇ ਸੁਰ ਅੰਗਾਂ ਦੇ ਇੱਕ ਵਿਸ਼ੇਸ਼ ਸੇਧ ਵਿੱਚ ਹੱਦੋਂ ਵੱਧ ਵਿਸ਼ੇਸ਼ਤਾ ਪ੍ਰਾਪਤ ਕਰ ਲੈਣ ਕਾਰਨ ਮੰਦੇ ਭਾਗੀਂ ਇਹ ਘਾਟ ਹੁਣ ਦੂਰ ਨਹੀਂ ਕੀਤੀ ਜਾ ਸਕਦੀ। ਪਰ ਜਿੱਥੇ ਇਹ ਅੰਗ ਮੌਜੂਦ ਹਨ ਉੱਥੇ ਇਹ ਘਾਟ ਕੁੱਝ ਹੱਦਾਂ ਅੰਦਰ ਦੂਰ ਹੋ ਜਾਂਦੀ ਹੈ। ਨਿਸ਼ਚੇ ਹੀ ਪੰਛੀਆਂ ਦੇ ਮੂੰਹ ਦੇ ਵੱਖ-ਵੱਖ ਹਿੱਸੇ ਮਨੁੱਖ ਨਾਲ਼ੋਂ ਵੱਧ ਤੋਂ ਵੱਧ ਵੱਖਰੇ ਹਨ, ਜੀਵਾਂ ਵਿੱਚੋਂ ਕੇਵਲ ਪੰਛੀ ਹੀ ਬੋਲਣਾ ਸਿੱਖ ਸਕਦੇ ਹਨ ਅਤੇ ਸਭ ਤੋਂ ਭੱਦੀ ਆਵਾਜ਼ ਵਾਲ਼ਾ ਪੰਛੀ, ਤੋਤਾ, ਹੀ ਸਭ ਤੋਂ ਚੰਗੀ ਤਰ੍ਹਾਂ ਬੋਲਦਾ ਹੈ। ਇਹ ਇਤਰਾਜ਼ ਨਹੀਂ ਕੀਤਾ ਜਾਣਾ ਚਾਹੀਦਾ ਕਿ ਤੋਤਾ ਜੋ ਕੁੱਝ ਬੋਲਦਾ ਹੈ ਉਸਨੂੰ ਸਮਝਦਾ ਨਹੀਂ। ਇਹ ਠੀਕ ਹੈ ਕਿ ਨਿਰੋਲ ਬੋਲਣ ਅਤੇ ਮਨੁੱਖ ਨਾਲ਼ ਰਹਿਣ ਦੀ ਖ਼ੁਸ਼ੀ ਕਾਰਨ ਤੋਤਾ ਘੰਟਿਆਂ ਬੱਧੀ ਟੈਂ-ਟੈਂ ਕਰਦਾ ਜਾਏਗਾ ਅਤੇ ਆਪਣਾ ਪੂਰਾ ਸ਼ਬਦ ਭੰਡਾਰ ਦੁਹਰਾਉਂਦਾ ਜਾਏਗਾ ਪਰ ਆਪਣੇ ਵਿਚਾਰਾਂ ਦੇ ਘੇਰੇ ਅੰਦਰ ਉਹ ਜੋ ਕੁੱਝ ਬੋਲਦਾ ਹੈ ਉਹਨੂੰ ਸਮਝਣਾ ਵੀ ਸਿੱਖ ਲੈਂਦਾ ਹੈ। ਕਿਸੇ ਤੋਤੇ ਨੂੰ ਗਾਲ੍ਹਾਂ ਅਜਿਹੇ ਢੰਗ ਨਾਲ਼ ਸਿਖਾ ਦਿਉ ਕਿ ਉਹਨੂੰ ਉਹਦੇ ਅਰਥਾਂ ਦੀ ਥੋੜ੍ਹੀ ਸੋਝੀ ਹੋ ਜਾਵੇ ( ਤਪਤ ਖੰਡਾਂ ਤੋਂ ਵਾਪਸ ਆਉਣ ਵਾਲ਼ੇ ਮਲਾਹਾਂ ਦਾ ਇਹ ਇੱਕ ਸਭ ਤੋਂ ਵੱਡਾ ਮੌਜ-ਮੇਲਾ ਹੁੰਦਾ ਹੈ), ਫੇਰ ਇਹਨੂੰ ਛੇੜੋ ਅਤੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਉਹ ਬਰਲਿਨ ਦੀਆਂ ਸਬਜ਼ੀਆਂ ਵੇਚਣ ਵਾਲ਼ੀਆਂ ਵਾਂਗ ਗਾਲ੍ਹਾਂ ਠੀਕ ਤਰ੍ਹਾਂ ਕੱਢਣ ਜਾਣਦਾ ਹੈ। ਨਿੱਕੀ ਮੋਟੀ ਚੀਜ਼ ਮੰਗਣਾ ਸਿਖਾ ਦੇਣ 'ਤੇ ਵੀ ਅਜਿਹਾ ਹੀ ਹੁੰਦਾ ਹੈ।

ਪਹਿਲੇ ਕਿਰਤ, ਉਸ ਤੋਂ ਪਿਛੋਂ ਅਤੇ ਫੇਰ ਇਹਦੇ ਨਾਲ਼ - ਸਪੱਸ਼ਟ ਉਚਾਰਣ - ਇਹ ਸਨ ਉਹ ਦੋ ਸਭ ਤੋਂ ਲਾਜ਼ਮੀ ਉਤੇਜ਼ਕ ਜਿੰਨ੍ਹਾਂ ਦੇ ਅਸਰ ਹੇਠ ਬਾਂਦਰ ਦਾ ਦਿਮਾ.ਗ ਹੌਲ਼ੀ-ਹੌਲ਼ੀ ਮਨੁੱਖ ਦੇ ਦਿਮਾ.ਗ ਵਿੱਚ ਤਬਦੀਲ ਹੋ ਗਿਆ, ਜਿਹੜਾ ਸਾਰੀ ਇਕਰੂਪਤਾ ਦੇ ਬਾਵਜੂਦ ਬਾਂਦਰ ਦੇ ਦਿਮਾ.ਗ ਤੋਂ ਕਿਤੇ ਵਡੇਰਾ ਅਤੇ ਵਧੇਰੇ ਨਿਪੁੰਨ ਹੈ। ਦਿਮਾ.ਗ ਦੇ ਵਿਕਾਸ ਦੇ ਨਾਲ਼ ਹੀ ਨਾਲ਼ ਇਹਦੇ ਫ਼ੌਰੀ ਸਾਧਨਾਂ-ਗਿਆਨ ਇੰਦਰੀਆਂ ਦਾ ਵਿਕਾਸ ਹੋਇਆ। ਜਿਵੇਂ ਬੋਲੀ ਦੇ ਵਿਕਾਸ ਦੇ ਨਾਲ਼ ਹੀ ਨਾਲ਼ ਲਾਜ਼ਮੀ ਤੌਰ 'ਤੇ ਸੁਣਨ ਵਾਲ਼ੀ ਇੰਦਰੀ ਦਾ ਸਮਸੁਰ (Corresponding) ਵਿਕਾਸ ਹੁੰਦਾ ਹੈ, ਇਸੇ ਤਰ੍ਹਾਂ ਸਮੁੱਚੇ ਤੌਰ 'ਤੇ ਦਿਮਾ.ਗ ਦੇ ਵਿਕਾਸ ਦੇ ਨਾਲ਼ ਹੀ ਨਾਲ਼ ਸਭੇ ਗਿਆਨ-ਇੰਦਰੀਆਂ ਵਧੇਰੇ ਸੁਘੜ ਹੁੰਦੀਆਂ ਹਨ। ਬਾਜ਼ ਮਨੁੱਖ ਤੋਂ ਕਿਤੇ ਦੂਰ ਤੱਕ ਵੇਖ ਸਕਦਾ ਹੈ ਪਰ ਮਨੁੱਖ ਦੀਆਂ ਅੱਖਾਂ ਵਸਤੂਆਂ ਵਿੱਚ ਬਾਜ਼ ਦੀਆਂ ਅੱਖਾਂ ਨਾਲ਼ੋਂ ਬਹੁਤ ਕੁੱਝ ਵਧੇਰੇ ਵੇਖ ਸਕਦੀਆਂ ਹਨ। ਕੁੱਤੇ ਦੀ ਸੁੰਘਣ ਦੀ ਸ਼ਕਤੀ ਮਨੁੱਖ ਨਾਲ਼ੋਂ ਕਿਤੇ ਤਿੱਖੀ ਹੈ ਪਰ ਉਹ ਉਹਨਾਂ ਵਾਸ਼ਨਾਵਾਂ ਦਾ ਸੌਵਾਂ ਹਿੱਸਾ ਵੀ

ਵੱਖ-ਵੱਖ ਨਹੀਂ ਕਰ ਸਕਦਾ, ਜਿਹੜੀਆਂ ਮਨੁੱਖ ਲਈ ਵੱਖ-ਵੱਖ ਵਸਤੂਆਂ ਵੱਲ ਸੰਕੇਤ ਕਰਨ ਵਾਲ਼ੇ ਨਿਸ਼ਚਿਤ ਚਿੰਨ੍ਹ ਹਨ ਅਤੇ ਛੋਹ ਦਾ ਅਨੁਭਵ, ਜਿਹੜਾ ਬਾਂਦਰ ਕੋਲ ਇਹਦੇ ਅਤਿ ਕੱਚੇ ਮੁੱਢਲੇ ਰੂਪ ਵਿੱਚ ਹੀ ਹੁੰਦਾ ਹੈ, ਕਿਰਤ ਦੇ ਸਾਧਨ ਰਾਹੀਂ, ਕੇਵਲ ਖ਼ੁਦ ਮਨੁੱਖੀ ਹੱਥ ਦੇ ਵਿਕਾਸ ਦੇ ਨਾਲ਼-ਨਾਲ਼ ਵਿਕਸਤ ਹੋਇਆ।

ਦਿਮਾਗ਼ ਅਤੇ ਇਹਦੇ ਨਾਲ਼ ਦੀਆਂ ਗਿਆਨ-ਇੰਦਰੀਆਂ ਦੇ ਵਿਕਾਸ ਉੱਤੇ ਕਿਰਤ ਅਤੇ ਬੋਲੀ, ਚੇਤੰਨਤਾ, ਤੱਤ ਕੱਢਣ ਦੀ ਅਤੇ ਫੈਸਲਾ ਲੈਣ ਦੀ ਸ਼ਕਤੀ ਦੀ ਵਧ ਰਹੀ ਸਪੱਸ਼ਟਤਾ ਦੇ ਪ੍ਰਤੀਕਰਮ ਨੇ ਕਿਰਤ ਅਤੇ ਬੋਲੀ ਦੋਵਾਂ ਨੂੰ ਹੋਰ ਵਿਕਾਸ ਕਰੀ ਜਾਣ ਲਈ ਨਿੱਤ ਨਵਾਂ-ਨਵੇਲਾ ਉਤੇਜਕ ਦਿੱਤਾ। ਜਦੋਂ ਮਨੁੱਖ ਅੰਤ ਨੂੰ ਬਾਂਦਰ ਤੋਂ ਉੱਕਾ ਨਿੱਖੜ ਗਿਆ ਤਾਂ ਇਹ ਵਿਕਾਸ ਆਪਣੇ ਅੰਤ ਤੱਕ ਅੱਪੜਨ ਦੀ ਥਾਂ ਸਮੁੱਚੇ ਤੌਰ ਤੇ ਬਲਵਾਨ ਉੱਨਤੀ ਕਰਦਾ ਰਿਹਾ। ਵੱਖ-ਵੱਖ ਕੌਮਾਂ ਅਤੇ ਵੱਖ-ਵੱਖ ਸਮਿਆਂ ਵਿੱਚ ਇਸ ਵਿਕਾਸ ਦੀ ਪੱਧਰ ਅਤੇ ਸੇਧ ਵੱਖ-ਵੱਖ ਰਹੀ ਹੈ ਅਤੇ ਕਿਧਰੇ-ਕਿਧਰੇ ਇਹਦੇ ਵਿੱਚ ਸਥਾਨਕ ਜਾਂ ਅਸਥਾਈ ਉਲਟ ਵਿਕਾਸ (Regression) ਕਾਰਨ ਵਿਘਨ ਵੀ ਪਿਆ। ਪੂਰਨ ਮਨੁੱਖ ਦੇ ਪ੍ਰਗਟ ਹੋਣ ਨਾਲ ਜਿਹੜਾ ਇੱਕ ਨਵਾਂ ਅੰਸ਼-**ਸਮਾਜ** ਪਿੜ ਵਿੱਚ ਆਇਆ, ਉਸ ਤੋਂ ਇਸ ਵਿਕਾਸ ਨੂੰ ਇੱਕ ਹੱਥ ਤਾਂ ਅੱਗੇ ਵੱਲ ਜੋਰਦਾਰ ਪ੍ਰੇਰਨਾ ਮਿਲੀ ਅਤੇ ਦੂਜੇ ਹੱਥ ਇਹਨੂੰ ਸਪੱਸ਼ਟ ਸੇਧਾਂ ਵਿੱਚ ਅਗਵਾਈ ਪ੍ਰਾਪਤ ਹੋਈ।

ਰੁੱਖਾਂ ਉੱਤੇ ਚੜ੍ਹਨ ਵਾਲੇ ਬਾਂਦਰਾਂ ਦੀ ਟੋਲੀ ਵਿੱਚੋਂ ਮਨੁੱਖੀ ਸਮਾਜ ਦੇ ਉੱਭਰਨ ਵਿੱਚ ਲੱਖਾਂ ਵਰ੍ਹੇ ਲੰਘੇ ਹੋਣਗੇ-ਜਿੰਨ੍ਹਾਂ ਦੀ ਧਰਤੀ ਦੇ ਇਤਿਹਾਸ ਵਿੱਚ ਉਸ ਤੋਂ ਵੱਧ ਕੋਈ ਮਹੱਤਤਾ ਨਹੀਂ ਜਿੰਨੀ ਮਨੁੱਖ ਦੇ ਜੀਵਨ ਵਿੱਚ ਇੱਕ ਸਕਿੰਟ ਦੀ ਹੈ[6]। ਪਰ ਅੰਤ ਇਹ ਉੱਭਰ ਕੇ ਹੀ ਰਿਹਾ। ਇੱਕ ਵਾਰ ਫੇਰ ਬਾਂਦਰਾਂ ਦੀ ਟੋਲੀ ਅਤੇ ਮਨੁੱਖੀ ਸਮਾਜ ਵਿੱਚ ਸਾਨੂੰ ਲਖਣਾਇਕ ਫ਼ਰਕ ਵਜੋਂ ਕੀ ਦਿਸਦਾ ਹੈ ? —**ਕਿਰਤ**। ਬਾਂਦਰਾਂ ਦਾ ਝੁੰਡ ਭੂਗੋਲਿਕ ਪ੍ਰਸਥਿਤੀਆਂ ਜਾਂ ਗਵਾਂਢਲੇ ਝੁੰਡਾਂ ਦੇ ਵਿਰੋਧ ਰਾਹੀਂ ਆਪਣੇ ਲਈ ਮਿਥੇ ਖੇਤਰ ਵਿੱਚ ਹੀ ਆਹਾਰ-ਖੇਤਰ ਵਿੱਚ ਚਰਨ-ਚੁਗਣ ਤੇ ਹੀ ਸੰਤੁਸ਼ਟ ਸੀ, ਇਹ ਨਵੇਂ ਆਹਾਰ-ਖੇਤਰ ਜਿੱਤਣ ਲਈ ਨਵੀਆਂ ਥਾਵਾਂ ਤੇ ਜਾਂਦਾ ਅਤੇ ਘੋਲ਼ ਕਰਦਾ, ਪਰ ਆਪਣੀ ਪ੍ਰਕਿਰਤਕ ਪ੍ਰਸਥਿਤੀ ਵਿੱਚ ਇਹ ਆਹਾਰ-ਖੇਤਰ ਉਹਨੂੰ ਜੋ ਕੁੱਝ ਦੇ ਸਕਦੇ ਇਹ ਉਸ ਤੋਂ ਵੱਧ ਪ੍ਰਾਪਤ ਕਰਨ ਦੇ ਅਯੋਗ ਸੀ। ਹਾਂ, ਟੋਲੀ ਨੇ ਅਚੇਤ ਤੌਰ ਤੇ ਆਪਣੇ ਮਲ-ਮੂਤਰ ਰਾਹੀਂ ਭੋਂ ਨੂੰ ਖ਼ਾਦ ਜ਼ਰੂਰ ਦਿੱਤੀ। ਜਿਉਂ ਹੀ ਸਾਰੇ ਆਹਾਰ ਖੇਤਰਾਂ ਵਿੱਚ ਵਸੋਂ ਹੋ ਜਾਂਦੀ, ਬਾਂਦਰਾਂ ਦੀ ਵਸੋਂ ਹੋਰ ਨਹੀਂ ਸੀ ਵਧ ਸਕਦੀ, ਵੱਧ ਤੋਂ ਵੱਧ ਇਹਨਾਂ ਪਸ਼ੂਆਂ ਦੀ ਗਿਣਤੀ ਸਥਿਰ ਰਹਿ ਸਕਦੀ ਸੀ। ਪਰ ਸਭੇ ਪਸ਼ੂ ਬਹੁਤ ਸਾਰੀ ਖੁਰਾਕ ਜ਼ਾਇਆ ਕਰ ਦੇਂਦੇ ਹਨ ਅਤੇ ਇਸ ਦੇ ਨਾਲ ਹੀ ਨਾਲ ਉਹ ਖੁਰਾਕ ਦੀ ਅਗਲੀ ਪੀੜ੍ਹੀ ਨੂੰ ਅੰਕੁਰ ਰੂਪ ਵਿੱਚ ਹੀ ਤਬਾਹ ਕਰ ਦੇਂਦੇ ਹਨ। ਸ਼ਿਕਾਰੀ ਵਾਂਗ ਬਘਿਆੜ ਉਸ ਹਿਰਨੀ ਨੂੰ ਨਹੀਂ ਛੱਡ ਦੇਂਦਾ ਜਿਹੜੀ ਅਗਲੇ ਵਰ੍ਹੇ ਬੱਚੇ ਦੇਵੇਗੀ, ਨਵੀਂਆਂ ਝਾੜੀਆਂ ਨੂੰ ਚਰ ਜਾਣ ਵਾਲੀਆਂ ਯੂਨਾਨ ਦੀਆਂ ਬੱਕਰੀਆਂ ਨੇ ਦੇਸ਼ ਦੇ ਸਭਨਾਂ ਪਹਾੜਾਂ ਨੂੰ ਟੁੰਡ-ਮਰੁੰਡ ਕਰ ਦਿੱਤਾ ਹੈ। ਪਸ਼ੂਆਂ ਦੀ ਇਹ ਲੋਟੂ 'ਆਰਥਿਕਤਾ' ਉਹਨਾਂ ਨੂੰ ਸਧਾਰਨ ਖੁਰਾਕ ਤੋਂ ਬਿਨਾਂ ਹੋਰ ਖ਼ੁਰਾਕ ਅਪਨਾਉਣ ਤੇ ਮਜਬੂਰ ਕਰਕੇ ਪਸ਼ੂ-ਜਾਤੀਆਂ ਦੀ ਹੌਲੀ-ਹੌਲੀ ਕਾਇਆ-ਪਲਟ ਵਿੱਚ ਇੱਕ ਮਹੱਤਵਪੂਰਨ ਹਿੱਸਾ ਪਾਉਂਦੀ ਹੈ, ਇਹਦੇ ਕਾਰਨ ਉਹਨਾਂ ਦੇ ਲਹੂ ਦੀ ਰਸਾਇਣਕ ਬਣਤਰ ਤਬਦੀਲ ਹੋ ਜਾਂਦੀ ਹੈ ਅਤੇ ਸਾਰੀ ਸਰੀਰਕ ਬਣਤਰ ਹੌਲ਼ੀ-ਹੌਲ਼ੀ ਬਦਲ ਜਾਂਦੀ ਹੈ ਅਤੇ ਉਹ ਪਸ਼ੂ-ਜਾਤੀਆਂ ਜਿਹੜੀਆਂ ਪਹਿਲਾਂ ਸਥਾਪਤ ਹੋ ਚੁੱਕੀਆਂ ਸਨ ਖ਼ਤਮ ਹੋ ਜਾਂਦੀਆਂ ਹਨ। ਇਹਦੇ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਵਡੇਰਿਆਂ ਦੀ ਬਾਂਦਰ ਤੋਂ ਮਨੁੱਖ ਵਿੱਚ ਤਬਦੀਲੀ ਵਿੱਚ ਇਸ

ਲੋਟੂ ਆਰਥਿਕਤਾ ਨੇ ਬੜਾ ਜੋਰਦਾਰ ਹਿੱਸਾ ਪਾਇਆ ਹੈ। ਬਾਂਦਰਾਂ ਦੀ ਅਜਿਹੀ ਨਸਲ ਲਈ, ਜਿਹੜੀ ਸਿਆਣਪ ਅਤੇ ਅਨੁਕੂਲਣ ਯੋਗਤਾ ਵਿੱਚ ਬਾਕੀ ਸਭਨਾਂ ਤੋਂ ਉੱਪਰ ਸੀ, ਇਸ ਲੋਟੂ ਆਰਥਿਕਤਾ ਦਾ ਸਿੱਟਾ ਖ਼ੁਰਾਕ ਲਈ ਵਰਤੇ ਜਾਣ ਵਾਲੇ ਪੌਦਿਆਂ ਦੀ ਗਿਣਤੀ ਅਤੇ ਖ਼ੁਰਾਕ ਲਈ ਵਰਤੇ ਜਾਂਦੇ ਪੌਦਿਆਂ ਦੇ ਵੱਧ ਤੋਂ ਵੱਧ ਖਾਣ-ਯੋਗ ਹਿੱਸਿਆਂ ਵਿੱਚ ਵਾਧੇ ਤੋਂ ਬਿਨਾਂ ਕੁੱਝ ਨਹੀਂ ਸੀ ਹੋ ਸਕਦਾ। ਮੁਕਦੀ ਗੱਲ, ਇਹਦਾ ਸਿੱਟਾ ਇਹ ਨਿੱਕਲਿਆ ਕਿ ਖ਼ੁਰਾਕ ਵੱਧ ਤੋਂ ਵੱਧ ਵੰਨ-ਸੁਵੰਨੀ ਹੁੰਦੀ ਗਈ ਅਤੇ ਇਹਦੇ ਸਿੱਟੇ ਵਜੋਂ ਮਨੁੱਖੀ ਸਰੀਰ ਵਿੱਚ ਦਾਖ਼ਲ ਹੋਣ ਵਾਲੇ ਪਦਾਰਥ ਵੀ ਵੰਨ-ਸੁਵੰਨੇ ਹੁੰਦੇ ਗਏ, ਜੋ ਮਨੁੱਖ ਤੱਕ ਤਬਦੀਲੀ ਲਈ ਰਸਾਇਣਕ ਮੁੱਢਲੀ ਸ਼ਰਤ ਸਨ। ਪਰ ਅਜੇ ਇਹ ਸ਼ਬਦ ਦੇ ਯੋਗ ਅਰਥਾਂ ਵਿੱਚ ਕਿਰਤ ਨਹੀਂ ਸੀ। ਕਿਰਤ ਔਜ਼ਾਰਾਂ ਦੇ ਬਣਨ ਨਾਲ ਸ਼ੁਰੂ ਹੁੰਦੀ ਹੈ। ਸਾਨੂੰ ਜਿਹੜੇ ਸਭ ਤੋਂ ਵੱਧ ਪ੍ਰਾਚੀਨ ਔਜ਼ਾਰ ਪ੍ਰਾ-ਇਤਿਹਾਸਕ ਮਨੁੱਖ ਦੇ ਵਿਰਸੇ ਵਜੋਂ ਲੱਭੀਆਂ ਗਈਆਂ ਵਸਤੂਆਂ ਅਤੇ ਸਭ ਤੋਂ ਮੁੱਢਲੇ ਇਤਿਹਾਸਕ ਤੌਰ ਤੇ ਜਾਣੀਆਂ ਸਭ ਤੋਂ ਪੁਰਾਣੀਆਂ ਕੌਮਾਂ ਅਤੇ ਸਮਕਾਲੀ ਵੱਧ ਤੋਂ ਵੱਧ ਆਦਿ-ਵਾਸੀ ਜਾਤੀਆਂ ਦੇ ਜੀਵਨ ਢੰਗ ਅਨੁਸਾਰ ਜਿੰਨ੍ਹਾਂ ਨੂੰ ਅਸੀਂ ਪ੍ਰਾਚੀਨ ਤੋਂ ਪ੍ਰਾਚੀਨ ਕਹਿ ਸਕਦੇ ਹਾਂ-ਲੱਭੇ ਹਨ, ਉਹ ਕੀ ਹਨ ? ਉਹ ਸ਼ਿਕਾਰ ਅਤੇ ਮੱਛੀਆਂ ਫ਼ੜਨ ਦੇ ਔਜ਼ਾਰ ਹਨ, ਜਿੰਨ੍ਹਾਂ ਵਿੱਚੋਂ ਸ਼ਿਕਾਰ ਦੇ ਔਜ਼ਾਰ ਸ਼ਸ਼ਤਰਾਂ ਦਾ ਵੀ ਕੰਮ ਦੇਂਦੇ ਸਨ। ਪਰ ਸ਼ਿਕਾਰ ਅਤੇ ਮੱਛੀਆਂ ਫੜਨ ਤੋਂ ਇਹ ਗੱਲ ਪਹਿਲਾਂ ਹੀ ਮੰਨੀ ਜਾਂਦੀ ਹੈ ਕਿ ਸ਼ੁੱਧ ਬਨਸਪਤੀ ਖਾਣੇ ਤੋਂ ਉਹਦੇ ਨਾਲ ਹੀ ਨਾਲ ਮਾਸ ਖਾਣ ਵਿੱਚ ਤਬਦੀਲੀ ਆ ਚੁੱਕੀ ਹੋਵੇਗੀ ਅਤੇ ਇਹ ਬਾਂਦਰ ਤੋਂ ਮਨੁੱਖ ਵਿੱਚ ਤਬਦੀਲੀ ਦੇ ਅਮਲ ਵਿੱਚ ਇੱਕ ਹੋਰ ਅਹਿਮ ਪੁਲਾਂਘ ਹੈ। ਮਾਸਾਹਾਰੀ ਖ਼ੁਰਾਕ ਵਿੱਚ ਉਹ ਸਭ ਲਾਜ਼ਮੀ ਅੰਸ਼ ਲਗਭਗ ਤਿਆਰ ਹਾਲਤ ਵਿੱਚ ਮਿਲਦੇ ਹਨ ਜਿੰਨ੍ਹਾਂ ਦੀ ਸਰੀਰ ਨੂੰ ਆਪਣੀ ਖ਼ੁਰਾਕ ਪਚਾਉਣ ਲਈ ਲੋੜ ਹੈ। ਇਹਦੇ ਨਾਲ ਕੇਵਲ ਖ਼ੁਰਾਕ ਦੇ ਪਚਣ ਲਈ ਲੋੜੀਂਦੇ ਸਮੇਂ ਵਿੱਚ ਹੀ ਨਹੀਂ ਸਗੋਂ ਸਰੀਰਕ ਬਨਸਪਤੀ ਅਮਲਾਂ ਦੇ, ਜਿਹੜੇ ਬਨਸਪਤੀ ਜੀਵਨ ਜਿਹੇ ਹੀ ਸਨ, ਸਮੇਂ ਵਿੱਚ ਬਚਤ ਹੋਈ ਅਤੇ ਇਉਂ ਇਸ ਸ਼ਬਦ ਦੇ ਠੀਕ ਅਰਥਾਂ ਵਿੱਚ ਪਸ਼ੂ ਜੀਵਨ ਦੇ ਸਰਗਰਮ ਪ੍ਰਗਟਾਅ ਲਈ ਵਧੇਰੇ ਸਮਾਂ, ਸਮੱਗਰੀ ਅਤੇ ਇੱਛਾ ਪ੍ਰਾਪਤ ਹੋਈ ਅਤੇ ਵਿਕਾਸ ਕਰ ਰਿਹਾ ਮਨੁੱਖ ਜਿੰਨਾਂ ਬਨਸਪਤੀ ਤੋਂ ਦੂਰ ਹਟਦਾ ਗਿਆ, ਉਨਾਂ ਉਹ ਪਸ਼ੂ ਤੋਂ ਉੱਪਰ ਉੱਠਦਾ ਗਿਆ। ਐਨ ਉਸੇ ਤਰ੍ਹਾਂ ਹੀ ਜਿਵੇਂ ਮਾਸ ਦੇ ਨਾਲ ਨਾਲ ਬਨਸਪਤੀ ਖ਼ੁਰਾਕ ਖਾਣ ਦਾ ਆਦੀ ਹੋਣ ਨੇ ਜੰਗਲ਼ੀ ਬਿੱਲੀਆਂ ਅਤੇ ਕੁੱਤਿਆਂ ਨੂੰ ਮਨੁੱਖ ਦੇ ਸੇਵਕ ਬਣਾ ਦਿੱਤਾ ਐਨ ਉਸੇ ਤਰ੍ਹਾਂ ਬਨਸਪਤੀ ਖ਼ੁਰਾਕ ਦੇ ਨਾਲ ਹੀ ਨਾਲ ਮਾਸ ਖਾਣ ਦਾ ਆਦੀ ਹੋਣ ਨੇ ਵਿਕਸਤ ਹੋ ਰਹੇ ਮਨੁੱਖ ਨੂੰ ਸਰੀਰਕ ਸ਼ਕਤੀ ਅਤੇ ਸੁਤੰਤਰਤਾ ਦੇਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ। ਪਰ ਮਾਸਾਹਾਰੀ ਖੁਰਾਕ ਦਾ ਦਿਮਾਗ਼ ਤੇ ਸਭ ਤੋਂ ਵੱਧ ਅਸਰ ਪਿਆ, ਜਿਸ ਨੂੰ ਹੁਣ ਆਪਣੇ ਆਹਾਰ ਤੇ ਵਿਕਾਸ ਲਈ ਲੋੜੀਂਦੇ ਪਦਾਰਥ ਪਹਿਲੇ ਦੇ ਮੁਕਾਬਲੇ ਕਿਤੇ ਵੱਧ ਭਰਪੂਰਤਾ ਨਾਲ ਪ੍ਰਾਪਤ ਹੋਣ ਲੱਗ ਪਏ ਅਤੇ ਸੋ ਇਹ ਪੀੜ੍ਹੀਓ-ਪੀੜ੍ਹੀ ਵਧੇਰੇ ਤੇਜੀ ਅਤੇ ਨਿਪੁੰਨਤਾ ਨਾਲ ਵਿਕਸਤ ਹੋ ਸਕਿਆ। ਵੈਸ਼ਨੂੰ ਲੋਕਾਂ ਦੀਆਂ ਭਾਵਨਾਵਾਂ ਦਾ ਪੂਰਾ ਸਤਿਕਾਰ ਕਰਦੇ ਹੋਏ ਸਾਨੂੰ ਇਹ ਮੰਨਣਾ ਪਵੇਗਾ ਕਿ ਮਾਸ ਖਾਧੇ ਬਿਨਾਂ ਮਨੁੱਖ ਦੀ ਹੋਂਦ ਨਹੀਂ ਹੋਈ ਅਤੇ ਜੇ ਮਾਸ ਖਾਣ ਕਾਰਨ ਸਾਡੇ ਗਿਆਨ ਵਿਚਲੀਆਂ ਸਭਨਾਂ ਕੌਮਾਂ ਵਿੱਚ ਕਿਸੇ ਨਾ ਕਿਸੇ ਸਮੇਂ ਆਦਮਖੋਰੀ ਪੈਦਾ ਹੋਈ ( ਦਸਵੀਂ ਸਦੀ ਤੱਕ ਬਰਲਿਨ ਵਾਸੀਆਂ, ਵੇਲੇਤਬੀਆਂ ਜਾਂ ਵਿਲਜੀਆਂ ਦੇ ਵਡੇਰੇ ਆਪਣੇ ਮਾਂ ਪਿਓ ਨੂੰ ਮਾਰ ਕੇ ਖਾ ਜਾਇਆ ਕਰਦੇ ਸਨ )[7] ਤਾਂ ਅੱਜ ਇਹਦੀ ਸਾਡੇ ਲਈ ਕੋਈ ਮਹੱਤਤਾ ਨਹੀਂ।

ਮਾਸਾਹਾਰੀ ਖੁਰਾਕ ਕਾਰਨ ਦੋ ਮਹੱਤਵ-ਪੂਰਨ ਉੱਨਤੀਆਂ ਹੋਈਆਂ : ਅੱਗ ਉੱਤੇ

ਕਾਬੂ ਪਾਇਆ ਜਾਣਾ ਅਤੇ ਪਸ਼ੂ ਪਾਲਣ ਦਾ ਸ਼ੁਰੂ ਹੋਣਾ। ਪਹਿਲੀ ਗੱਲ ਨੇ ਖ਼ੁਰਾਕ ਹਜ਼ਮ ਹੋਣ ਦਾ ਅਮਲ ਹੋਰ ਵੀ ਸੰਖੇਪ ਕਰ ਦਿੱਤਾ ਕਿਉਂਕਿ ਹੁਣ ਮੂੰਹ ਨੂੰ ਅਜਿਹੀ ਖ਼ੁਰਾਕ ਮਿਲਣ ਲੱਗ ਪਈ ਜਿਹੜੀ ਪਹਿਲਾਂ ਹੀ ਲਗਭਗ ਅੱਧੀ ਹਜ਼ਮ ਹੋਈ ਸੀ ; ਦੂਜੀ ਗੱਲ ਨੇ ਸ਼ਿਕਾਰ ਤੋਂ ਬਿਨਾਂ ਮਾਸ ਦੀ ਪ੍ਰਾਪਤੀ ਦਾ ਇੱਕ ਹੋਰ ਨਵਾਂ ਅਤੇ ਬਾਕਾਇਦਾ ਸਾਧਨ ਪੈਦਾ ਕਰਕੇ ਮਾਸ ਦੀ ਪ੍ਰਾਪਤੀ ਵਧੇਰੇ ਖੁੱਲ੍ਹੀ ਕਰ ਦਿੱਤੀ, ਨਾਲੇ ਇਹਨੇ ਦੁੱਧ ਅਤੇ ਇਹਦੀਆਂ ਉਪਜਾਂ ਪ੍ਰਾਪਤ ਕਰ ਦਿੱਤੀਆਂ ਜਿਹੜੀਆਂ ਆਪਣੀ ਬਣਤਰ ਦੇ ਪੱਖੋਂ ਘੱਟੋ-ਘੱਟ ਮਾਸ ਜਿਹੀਆਂ ਹੀ ਵੱਡਮੁੱਲੀਆਂ ਸਨ। ਸੋ ਇਹ ਦੋਵੇਂ ਵਾਧੇ ਮਨੁੱਖ ਦੀ ਸ਼ਕਤੀ ਦੇ ਸਿੱਧੇ ਨਵੇਂ ਸਾਧਨ ਬਣ ਗਏ। ਉਹਨਾਂ ਦੀ ਮਨੁੱਖ ਅਤੇ ਸਮਾਜ ਦੇ ਵਿਕਾਸ ਵਿੱਚ ਜਿਹੜੀ ਮਹਾਨ ਮਹੱਤਤਾ ਹੈ ਉਹਦੇ ਬਾਵਜੂਦ ਜੇ ਅਸੀਂ ਇੱਥੇ ਉਹਨਾਂ ਦੇ ਅਣਸਿੱਧੇ ਪ੍ਰਭਾਵਾਂ ਦਾ ਵਿਸਥਾਰ ਬਿਆਨ ਕਰਨ ਲੱਗੀਏ ਤਾਂ ਅਸੀਂ ਵਿਸ਼ੇ ਤੋਂ ਬਹੁਤ ਦੂਰ ਚਲੇ ਜਾਵਾਂਗੇ।

ਜਿਵੇਂ ਮਨੁੱਖ ਨੇ ਸਭਨਾਂ ਖਾਣਯੋਗ ਚੀਜ਼ਾਂ ਨੂੰ ਖਾਣਾ ਸਿੱਖ ਲਿਆ ਐਨ ਉਸੇ ਤਰ੍ਹਾਂ ਉਹਨੇ ਹਰ ਜਲਵਾਯੂ ਵਿੱਚ ਰਹਿਣਾ ਸਿੱਖ ਲਿਆ। ਉਹ ਸਮੁੱਚੇ ਰਹਿਣ-ਯੋਗ ਸੰਸਾਰ ਵਿੱਚ ਫੈਲ ਗਿਆ ਕਿਉਂਕਿ ਉਹ ਇੱਕੋ-ਇੱਕ ਅਜਿਹਾ ਜੀਵ ਸੀ, ਜਿਸ ਕੋਲ ਆਪਣੇ ਆਪ ਅਜਿਹਾ ਕਰ ਸਕਣ ਦੀ ਸ਼ਕਤੀ ਸੀ। ਜਿਹੜੇ ਹੋਰ ਜੀਵ ਪਾਲਤੂ ਜਾਨਵਰ ਅਤੇ ਕੀੜੇ-ਮਕੌੜੇ -ਸਭ ਤਰ੍ਹਾਂ ਦੇ ਜਲਵਾਯੂ ਦੇ ਆਦੀ ਹੋ ਗਏ ਹਨ, ਉਹ ਆਪਣੇ ਆਪ ਅਜਿਹੇ ਨਹੀਂ ਬਣੇ ਸਗੋਂ ਮਨੁੱਖ ਦੇ ਪਿੱਛੇ ਚੱਲਦੇ ਹੋਏ ਅਜਿਹੇ ਹੋਏ ਹਨ ਅਤੇ ਮਨੁੱਖ ਦੇ ਆਦਿ ਵਤਨ ਤੋਂ, ਜਿੱਥੇ ਜਲਵਾਯੂ ਲਗਾਤਾਰ ਗਰਮ ਸੀ, ਠੰਢੇਰੇ ਇਲਾਕਿਆਂ ਵਿੱਚ, ਜਿੱਥੇ ਵਰ੍ਹਾ ਸਿਆਲ ਅਤੇ ਹੁਨਾਲ ਵਿੱਚ ਵੰਡਿਆ ਹੁੰਦਾ ਹੈ, ਤਬਦੀਲੀ ਨੇ ਨਵੀਂਆਂ ਲੋੜਾਂ ਪੈਦਾ ਕਰ ਦਿੱਤੀਆਂ ; ਠੰਢ ਅਤੇ ਸਿੱਲ੍ਹ ਵਿਰੁੱਧ ਬਚਾਅ ਲਈ ਆਸਰਾ ਅਤੇ ਕੱਪੜੇ, ਕਿਰਤ ਦੇ ਨਵੇਂ ਖੇਤਰ ਅਤੇ ਇਹਦੇ ਸਿੱਟੇ ਵਜ਼ੋਂ ਨਵੀਆਂ ਸਰਗਰਮੀਆਂ, ਜਿੰਨ੍ਹਾਂ ਨੇ ਮਨੁੱਖ ਨੂੰ ਪਸ਼ੂ ਤੋਂ ਵਧੇਰੇ ਅਤੇ ਹੋਰ ਵਧੇਰੇ ਨਿਖੇੜਿਆ।

ਕੇਵਲ ਹਰ ਵਿਅਕਤੀ ਵਿੱਚ ਹੀ ਨਹੀਂ ਸਗੋਂ ਸਮਾਜ ਵਿੱਚ ਹੱਥਾਂ, ਬੋਲਣ ਦੇ ਅੰਗਾਂ ਅਤੇ ਦਿਮਾਗ਼ ਦੇ ਆਪਸੀ ਮਿਲਵਰਤਣ ਕਾਰਨ ਮਨੁੱਖ ਸਦਾ ਵਧੇਰੇ ਗੁੰਝਲਦਾਰ ਅਮਲ ਕਰਨ ਅਤੇ ਆਪਣੇ ਸਾਹਮਣੇ ਉਚੇਰੇ ਅਤੇ ਹੋਰ ਉਚੇਰੇ ਆਸ਼ੇ ਰੱਖਣ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਿਆ। ਹਰ ਲੰਘਦੀ ਪੀੜ੍ਹੀ ਨਾਲ ਕਿਰਤ ਵਧੇਰੇ ਭਿੰਨ, ਵਧੇਰੇ ਨਿਪੁੰਨ ਅਤੇ ਵਧੇਰੇ ਵੰਨ-ਸੁਵੰਨੀ ਹੁੰਦੀ ਗਈ। ਸ਼ਿਕਾਰ ਅਤੇ ਪਸ਼ੂ-ਪਾਲਣ ਵਿੱਚ ਖੇਤੀ ਦਾ ਵਾਧਾ ਹੋਇਆ, ਜਿਸ ਤੋਂ ਪਿੱਛੋਂ ਕਤਾਈ,ਉਣਾਈ,ਧਾਤਾਂ ਦਾ ਕੰਮ, ਮਿੱਟੀ ਦੇ ਭਾਂਡੇ ਬਣਾਉਣਾ ਅਤੇ ਕਿਸ਼ਤੀਰਾਨੀ ਆਏ। ਅੰਤ ਵਪਾਰ ਅਤੇ ਸਨਅਤ ਦੇ ਨਾਲ ਕਲਾ ਅਤੇ ਵਿਗਿਆਨ ਆਏ। ਕਬੀਲਿਆਂ ਤੋਂ ਕੌਮਾਂ ਅਤੇ ਰਿਆਸਤਾਂ ਵਿਕਸਤ ਹੋਈਆਂ। ਕਾਨੂੰਨ ਅਤੇ ਰਾਜਨੀਤੀ ਉੱਭਰੇ ਅਤੇ ਫੇਰ ਮਨੁੱਖੀ ਮਨ ਵਿੱਚ ਜੱਗ-ਜਹਾਨ ਦਾ ਪ੍ਰਤੀਬਿੰਬਤ ਅਕਸ : ਧਰਮ। ਇਹਨਾਂ ਸਭਨਾਂ ਰਚਨਾਵਾਂ ਦੇ ਸਨਮੁਖ, ਜਿਹੜੀਆਂ ਸਭ ਤੋਂ ਪਹਿਲਾਂ ਮਨੁੱਖੀ ਮਨ ਦੀਆਂ ਉਪਜਾਂ ਹੋਂਦ ਵਿੱਚ ਆਈਆਂ ਅਤੇ ਜਿਹੜੀਆਂ ਮਨੁੱਖੀ ਸਮਾਜਾਂ ਉੱਤੇ ਭਾਰੂ ਜਾਪਦੀਆਂ ਸਨ, ਕਿਰਤੀ ਹੱਥ ਦੀਆਂ ਵਧੇਰੇ ਨਿਰਮਾਣ ਉਪਜਾਂ ਪਿਛੋਕੜ ਵਿੱਚ ਚਲੀਆਂ ਗਈਆਂ, ਅਜਿਹਾ ਇਸ ਲਈ ਹੋਰ ਵੀ ਵਧੇਰੇ ਹੋਇਆ ਕਿ ਸਮਾਜ ਦੇ ਵਿਕਾਸ ਇੱਕ ਬਹੁਤ ਮੁੱਢਲੇ ਪੜਾਅ ਉਤੇ ਹੀ (ਮਿਸਾਲ ਵਜੋਂ ਆਦਿ ਪ੍ਰੀਵਾਰ ਵਿਚ ਹੀ) ਦਿਮਾਗ਼ ਜਿਹੜਾ ਕਿਰਤ ਨੂੰ ਨੇਮ-ਬੱਧ ਕਰਦਾ ਸੀ, ਨਿਯਮਤ ਕੀਤੀ ਕਿਰਤ ਆਪਣੇ ਤੋਂ ਬਿਨਾਂ ਦੂਜੇ ਹੱਥਾਂ ਤੋਂ ਕਰਵਾ ਸਕਦਾ ਸੀ। ਸੱਭਿਅਤਾ ਦੀ ਤਿੱਖੀ ਉੱਨਤੀ ਦਾ ਸਮੁੱਚਾ ਸਿਹਰਾ ਦਿਮਾਗ਼ ਦੇ, ਦਿਮਾਗ਼ ਦੇ ਵਿਕਾਸ ਅਤੇ ਸਰਗਰਮੀ ਦੇ ਸਿਰ ਬੰਨ੍ਹ ਦਿੱਤਾ। ਮਨੁੱਖ ਆਪਣੇ ਕੰਮਾਂ ਦੀ ਵਿਆਖਿਆ ਆਪਣੀ

ਲੋੜਾਂ ਰਾਹੀਂ ਨਹੀਂ ਸਗੋਂ ਆਪਣੇ ਵਿਚਾਰਾਂ ਰਾਹੀਂ ਕਰਨ ਲੱਗ ਪਏ (ਹਾਲਾਂਕਿ ਲੋੜਾਂ ਹੀ ਦਿਮਾਗ਼ ਵਿੱਚ ਪ੍ਰਤੀਬਿੰਬਤ ਹੁੰਦੀਆਂ ਸਨ,ਚੇਤਨਾ ਰਾਹੀਂ ਅਪਣਾਈਆਂ ਜਾਂਦੀਆਂ ਹਨ) ; ਅਤੇ ਇਉਂ ਸਮਾਂ ਪਾ ਕੇ ਸੰਸਾਰ ਸਬੰਧੀ ਉਹ ਆਦਰਸ਼ਵਾਦੀ ਦ੍ਰਿਸ਼ਟੀਕੋਣ ਪੈਦਾ ਹੋਇਆ ਜਿਹੜਾ, ਵਿਸ਼ੇਸ ਤੌਰ ਤੇ ਪ੍ਰਾਚੀਨ ਸੰਸਾਰ ਦੇ ਅੰਤ ਤੋਂ ਹੀ ਮਨੁੱਖਾਂ ਦੇ ਮਨਾਂ ਤੇ ਭਾਰੂ ਰਿਹਾ ਹੈ। ਇਹ ਅੱਜ ਵੀ ਇਸ ਹੱਦ ਤੱਕ ਭਾਰੂ ਹੈ ਕਿ ਡਾਰਵਿਨੀ ਪ੍ਰਪਾਟੀ ਦੇ ਸਭ ਤੋਂ ਵੱਧ ਪਦਾਰਥਵਾਦੀ ਵਿਗਿਆਨੀ ਮਨੁੱਖ ਦੇ ਆਦਿ (Origin) ਸਬੰਧੀ ਸਪੱਸ਼ਟ ਵਿਚਾਰ ਨਹੀਂ ਬਣਾ ਸਕੇ ਕਿਉਂਕਿ ਇਸ ਵਿਚਾਰਧਾਰਕ ਅਸਰ ਅਧੀਨ ਉਹ ਇਹਦੇ ਵਿੱਚ ਕਿਰਤ ਵਲੋਂ ਪਾਏ ਹਿੱਸੇ ਨੂੰ ਨਹੀਂ ਵੇਖਦੇ।

ਜਿਹਾ ਕਿ ਪਹਿਲਾਂ ਇਸ਼ਾਰਾ ਕੀਤਾ ਜਾ ਚੁੱਕਾ ਹੈ ਪਸ਼ੂ ਵੀ ਆਪਣੀਆਂ ਸਰਗਰਮੀਆਂ ਰਾਹੀਂ ਬਾਹਰੀ ਪ੍ਰਕਿਰਤੀ ਨੂੰ ਤਬਦੀਲ ਕਰਦੇ ਹਨ ਜਿਵੇਂ ਮਨੁੱਖ ਕਰਦਾ ਹੈ, ਭਾਵੇਂ ਉਸ ਹੱਦ ਤੱਕ ਅਜਿਹਾ ਨਹੀਂ ਕਰਦੇ ਜਿਸ ਹੱਦ ਤੱਕ ਮਨੁੱਖ ਕਰਦਾ ਹੈ ਅਤੇ ਜਿਹਾ ਕਿ ਅਸੀਂ ਵੇਖ ਚੁੱਕੇ ਹਾਂ ਉਹਨਾਂ ਵੱਲੋਂ ਆਲੇ-ਦੁਆਲੇ ਵਿੱਚ ਲਿਆਂਦੀਆਂ ਇਹ ਤਬਦੀਲੀਆਂ ਆਪਣੀ ਵਾਰੀ ਉਹਨਾਂ ਉੱਤੇ ਅਸਰ ਪਾਉਂਦੀਆਂ ਹਨ ਅਤੇ ਇਹ ਤਬਦੀਲੀਆਂ ਤਬਦੀਲੀ ਲਿਆਉਣ ਵਾਲਿਆਂ ਨੂੰ ਵੀ ਮੋੜਵੇਂ ਰੂਪ 'ਚ ਤਬਦੀਲ ਕਰਦੀਆਂ ਹਨ। ਕਿਉਂਕਿ ਪ੍ਰਕਿਰਤੀ ਵਿੱਚ ਕੁੱਝ ਵੀ ਬਾਕੀ ਸਭ ਕੁੱਝ ਤੋਂ ਨਿੱਖੜ ਕੇ ਨਹੀਂ ਵਾਪਰਦਾ, ਹਰ ਇੱਕ ਚੀਜ਼ ਬਾਕੀ ਸਭਨਾਂ ਚੀਜ਼ਾਂ ਉੱਤੇ ਅਸਰ ਪਾਉਂਦੀ ਹੈ ਅਤੇ ਬਾਕੀ ਸਭਨਾਂ ਚੀਜ਼ਾਂ ਦਾ ਉਹਦੇ ਉੱਪਰ ਅਸਰ ਹੁੰਦਾ ਹੈ ਅਤੇ ਸਾਡੇ ਪ੍ਰਕਿਰਤਕ ਵਿਗਿਆਨੀ ਵਧੇਰੇ ਕਰਕੇ ਸਾਦੀਆਂ ਤੋਂ ਸਾਦੀਆਂ ਚੀਜ਼ਾਂ ਵੇਖਣ ਵਿੱਚ ਇਸੇ ਲਈ ਅਸਮਰੱਥ ਰਹਿੰਦੇ ਹਨ ਕਿ ਇਸ ਸਰਬਪੱਖੀ ਹਰਕਤ ਅਤੇ ਪ੍ਰਸਪਰ ਪ੍ਰਭਾਵ ਨੂੰ ਭੁਲਾ ਦਿੱਤਾ ਜਾਂਦਾ ਹੈ। ਅਸੀਂ ਵੇਖਿਆ ਹੈ ਕਿ ਕਿਵੇਂ ਬੱਕਰੀਆਂ ਨੇ ਯੂਨਾਨ ਵਿੱਚ ਜੰਗਲਾਂ ਦੇ ਮੁੜ ਉੱਭਰਨ ਨੂੰ ਰੋਕਿਆ, ਸੇਂਟ ਹੇਲੀਨਾ ਦੇ ਟਾਪੂ ਉੱਤੇ ਸਭ ਤੋਂ ਪਹਿਲਾਂ ਆਉਣ ਵਾਲਿਆਂ ਵੱਲੋਂ ਲਿਆਂਦੀਆਂ ਬੱਕਰੀਆਂ ਅਤੇ ਸੂਰ ਉੱਥੋਂ ਦੀ ਪੁਰਾਣੀ ਬਨਸਪਤੀ ਨੂੰ ਲਗਭਗ ਫਨਾਹ ਕਰਨ ਵਿੱਚ ਸਫ਼ਲ ਹੋ ਗਏ ਅਤੇ ਇਉਂ ਪਿਛੋਂ ਆਏ ਜਹਾਜ਼ੀਆਂ ਅਤੇ ਆਬਾਦਕਾਰਾਂ ਵੱਲੋਂ ਲਿਆਂਦੇ ਪੌਦਿਆਂ ਦੇ ਫ਼ੈਲਣ ਲਈ ਮੈਦਾਨ ਤਿਆਰ ਕਰ ਦਿੱਤਾ। ਪਰ ਜੇ ਪਸ਼ੂ ਆਪਣੇ ਆਲੇ ਦੁਆਲੇ ਉੱਤੇ ਸਥਾਈ ਅਸਰ ਪਾਉਂਦੇ ਹਨ ਤਾਂ ਇਹ ਉੱਕਾ ਹੀ ਅਚੇਤ ਤੌਰ ਤੇ ਹੁੰਦਾ ਹੈ ਅਤੇ ਜਿਥੋਂ ਤੱਕ ਪਸ਼ੂਆਂ ਦਾ ਸੰਬੰਧ ਹੈ ਇੱਕ ਕੇਵਲ ਇਤਫਾਕੀਆ (Accidental) ਗੱਲ ਹੁੰਦੀ ਹੈ। ਪਰ ਮਨੁੱਖ ਜਿੰਨਾਂ ਪਸ਼ੂ ਤੋਂ ਦੂਰ ਹੁੰਦਾ ਹੈ ਉਨਾਂ ਵਧੇਰੇ ਪ੍ਰਕਿਰਤੀ ਉੱਤੇ ਉਹਦਾ ਪ੍ਰਭਾਵ ਪਹਿਲਾਂ ਤੋਂ ਜਾਣੇ ਹੋਏ ਨਿਸ਼ਚਿਤ ਸਿੱਟਿਆਂ ਦੀ ਸੇਧ ਵਿੱਚ ਅਗਾਊਂ ਮਿੱਥੇ, ਪਲਾਨ-ਬੱਧ ਅਮਲ ਦਾ ਰੂਪ ਧਾਰਨ ਕਰ ਲੈਂਦਾ ਹੈ। ਪਸ਼ੂ ਕਿਸੇ ਇਲਾਕੇ ਦੀ ਬਨਸਪਤੀ ਨੂੰ ਇਹ ਅਨੁਭਵ ਕੀਤੇ ਬਿਨਾਂ ਕਿ ਉਹ ਅਜਿਹਾ ਕਰ ਰਿਹਾ ਹੈ ਤਬਾਹ ਕਰ ਦੇਂਦਾ ਹੈ। ਮਨੁੱਖ ਅਜਿਹਾ ਕਰਦਾ ਹੈ ਵਿਹਲੀ ਹੋਈ ਭੋਂ ਉੱਤੇ ਫ਼ਸਲਾਂ ਬੀਜਣ ਲਈ ਅਤੇ ਰੁੱਖ ਅਤੇ ਅੰਗੂਰ ਦੀਆਂ ਵੇਲਾਂ ਲਾਉਣ ਲਈ, ਜਿੰਨ੍ਹਾਂ ਸੰਬੰਧੀ ਉਹਨੂੰ ਪਤਾ ਹੁੰਦਾ ਹੈ ਕਿ ਬੀਜੀ ਹੋਈ ਮਾਤਰਾ ਨਾਲੋਂ ਕਿਤੇ ਵੱਧ ਉਪਜ ਦੇਣਗੀਆਂ। ਉਹ ਲਾਹੇਵੰਦੇ ਪੌਦੇ ਅਤੇ ਪਾਲਤੂ-ਪਸ਼ੂ ਇੱਕ ਦੇਸ਼ ਤੋਂ ਦੂਜੇ ਦੇਸ਼ ਲੈ ਜਾਂਦਾ ਹੈ ਅਤੇ ਇਉਂ ਸਮੁੱਚੇ ਦੇਸ਼ਾਂ ਦੇ ਬਨਸਪਤ ਅਤੇ ਪਸ਼ੂ ਜੀਵਨ ਨੂੰ ਤਬਦੀਲ ਕਰ ਦੇਂਦਾ ਹੈ। ਇਸ ਤੋਂ ਵੀ ਵੱਧ ਬਨਾਉਟੀ ਨਸਲ-ਕੁਸ਼ੀ (Artificial breeding) ਰਾਹੀਂ ਪੌਦੇ ਅਤੇ ਪਸ਼ੂ ਦੋਵੇਂ ਮਨੁੱਖ ਦੇ ਹੱਥੋਂ ਇਉਂ ਤਬਦੀਲ ਹੋ ਜਾਂਦੇ ਹਨ ਕਿ ਉਹ ਪਛਾਣੇ ਵੀ ਨਹੀਂ ਜਾਂਦੇ। ਜਿੰਨ੍ਹਾਂ ਜੰਗਲੀ ਪੌਦਿਆਂ ਤੋਂ ਸਾਡੇ ਅਨਾਜ਼ ਦੀਆਂ ਵੱਖ-ਵੱਖ ਕਿਸਮਾਂ ਪੈਦਾ ਹੋਈਆਂ ਅਜੇ ਤੱਕ ਉਹਨਾਂ ਦੀ ਵਿਅਰਥ ਖੋਜ ਜਾਰੀ ਹੈ। ਅੱਜ ਵੀ ਇਸ ਸਵਾਲ ਉੱਤੇ ਬਹਿਸ ਜਾਰੀ ਹੈ ਕਿ ਸਾਡੇ ਕੁੱਤਿਆਂ ਦੇ, ਜਿਹੜੇ ਖੁਦ ਇੱਕ ਦੂਜੇ ਤੋਂ ਇੰਨੇ ਵੱਖ-ਵੱਖ

ਹਨ, ਜਾਂ ਇੰਨੀਆਂ ਹੀ ਵੱਖ-ਵੱਖ ਨਸਲਾਂ ਦੇ ਘੋੜਿਆਂ ਦੇ ਵਡੇਰੇ ਕਿਹੜੇ ਜੰਗਲ਼ੀ ਜਾਨਵਰ ਸਨ।

ਕੁੱਝ ਵੀ ਹੋਵੇ, ਸਾਡਾ ਮਨਸ਼ਾ ਜਾਨਵਰਾਂ ਦੀ ਪਲਾਨ-ਬੱਧ, ਪਹਿਲਾਂ ਤੋਂ ਸੋਚੇ ਢੰਗ ਨਾਲ ਅਮਲ ਕਰ ਸਕਣ ਦੀ ਸ਼ਕਤੀ ਸਬੰਧੀ ਵਿਵਾਦ ਖੜ੍ਹਾ ਕਰਨਾ ਨਹੀਂ। ਇਹਦੇ ਉਲਟ ਜਿੱਥੇ ਕਿਤੇ ਪ੍ਰੋਟੋਪਲਾਜ਼ਮ ਦੀ, ਜਿਉਂਦੀ ਐਲਬਿਊਮਨ ਦੀ ਹੋਂਦ ਹੈ ਅਤੇ ਉਹ ਕਿਰਿਆ ਕਰਦੀ ਹੈ, ਅਰਥਾਤ ਸਪੱਸ਼ਟ ਬਾਹਰਲੇ ਉਤੇਜ਼ਕਾਂ ਕਾਰਨ ਸਪੱਸ਼ਟ, ਭਾਵੇਂ ਅਤਿ ਸਾਦੀਆਂ, ਹਰਕਤਾਂ ਕਰਦੀ ਹੈ, ਉੱਥੇ ਅਮਲ ਦਾ ਪਲਾਨ-ਬੱਧ ਢੰਗ ਭਰੂਣ ਰੂਪ ਵਿੱਚ ਮੌਜੂਦ ਹੁੰਦਾ ਹੈ। ਅਜਿਹੇ ਅਮਲ ਉੱਥੇ ਵੀ ਹੁੰਦੇ ਹਨ ਜਿੱਥੇ ਅਜੇ ਅੰਕੁਰ ਹੋਂਦ ਵਿੱਚ ਨਹੀਂ ਆਏ ਹੁੰਦੇ, ਤੰਤੂ ਅੰਕੁਰਾਂ ਦੀ ਤਾਂ ਗੱਲ ਹੀ ਛੱਡੋ। ਕੀੜੇ ਖਾਣ ਵਾਲੇ ਪੌਦੇ ਜਿਸ ਢੰਗ ਨਾਲ ਆਪਣਾ ਸ਼ਿਕਾਰ ਫੜਦੇ ਹਨ ਉਹ ਇੱਕ ਤਰ੍ਹਾਂ ਪਲਾਨ-ਬੱਧ ਅਮਲ ਜਾਪਦਾ ਹੈ, ਭਾਵੇਂ ਇਹ ਉੱਕਾ ਹੀ ਅਚੇਤ ਤੌਰ ਤੇ ਕੀਤਾ ਜਾਂਦਾ ਹੈ। ਜਾਨਵਰਾਂ ਵਿੱਚ ਸੁਚੇਤ, ਪਲਾਨ-ਬੱਧ ਅਮਲਾਂ ਦੀ ਸਮਰੱਥਾ ਤੰਤੂ ਪ੍ਰਬੰਧ ਦੇ ਵਿਕਾਸ ਦੀ ਨਿਸਬਤ ਨਾਲ ਵੱਧਦੀ ਹੈ ਅਤੇ ਦੁੱਧ ਚੁੰਘਾਉਣ ਵਾਲੇ ਪਸ਼ੂਆਂ ਵਿੱਚ ਇਹਦੀ ਪੱਧਰ ਚੋਖੀ ਉੱਚੀ ਹੁੰਦੀ ਹੈ। ਇੰਗਲੈਂਡ ਵਿੱਚ ਕੁੱਤਿਆਂ ਨਾਲ ਲੂੰਬੜ ਦਾ ਸ਼ਿਕਾਰ ਕਰਦੇ ਹੋਏ ਮਨੁੱਖ ਸੌਖੇ ਹੀ ਵੇਖਦਾ ਹੈ ਕਿ ਲੂੰਬੜ ਆਪਣਾ ਪਿੱਛਾ ਕਰਨ ਵਾਲਿਆਂ ਤੋਂ ਬਚਣ ਲਈ ਆਪਣੇ ਇਲਾਕੇ ਦੀ ਸ਼ਾਨਦਾਰ ਵਾਕਫ਼ੀ ਨੂੰ ਕਿਵੇਂ ਅਚੁੱਕ ਤੌਰ ਤੇ ਵਰਤਦਾ ਹੈ, ਭੋਂ ਦੀਆਂ ਲਾਭਦਾਇਕ ਸਿਫਤਾਂ ਨੂੰ ਉਹ ਕਿੰਨੀ ਚੰਗੀ ਤਰ੍ਹਾਂ ਜਾਣਦਾ ਅਤੇ ਆਪਣੇ ਲਾਭ ਲਈ ਵਰਤਦਾ ਹੈ ਤਾਂ ਜੁ ਉਹਦੀ ਮੁਸ਼ਕ ਗੁਆਚ ਜਾਵੇ। ਆਪਣੇ ਪਾਲਤੂ ਜਾਨਵਰਾਂ ਵਿੱਚ, ਜਿਹੜੇ ਮਨੁੱਖ ਨਾਲ ਰਹਿਣ ਕਾਰਨ ਵਧੇਰੇ ਵਿਕਸਤ ਹਨ,ਅਸੀਂ ਨਿੱਤ ਚਤੁਰਾਈ ਦੇ ਅਜਿਹੇ ਅਮਲ ਵੇਖ ਸਕਦੇ ਹਾਂ ਜਿਹੜੇ ਐਨ ਉਸੇ ਪੱਧਰ ਉੱਤੇ ਹਨ ਜਿਸ ਉੱਤੇ ਬੱਚਿਆਂ ਦੇ ਅਮਲ ਹੁੰਦੇ ਹਨ। ਕਿਉਂਕਿ ਜਿਵੇਂ ਮਾਂ ਦੇ ਗਰਭ ਵਿੱਚ ਮਨੁੱਖੀ ਭਰੂਣ ਦਾ ਵਿਕਾਸ ਕਰੋੜਾਂ ਵਰ੍ਹਿਆਂ ਉੱਤੇ ਫ਼ੈਲੇ, ਸਾਡੇ ਵਡੇਰਿਆਂ ਦੇ ਗੰਡੋਏ ਤੋਂ ਲੈ ਕੇ ਅੱਜ ਤੱਕ ਦੇ ਸਰੀਰਕ ਵਿਕਾਸ ਦੀ ਦੁਹਰਾਈ ਹੈ, ਐਨ ਉਸੇ ਤਰ੍ਹਾਂ ਮਨੁੱਖੀ ਬੱਚੇ ਦਾ ਬੌਧਿਕ ਵਿਕਾਸ ਉਹਨਾਂ ਹੀ ਵਡੇਰਿਆਂ, ਵਿਸ਼ੇਸ਼ ਤੌਰ ਤੇ ਪਿਛੋਂ ਆਉਣ ਵਾਲਿਆਂ, ਦੇ ਬੌਧਿਕ ਵਿਕਾਸ ਦੀ ਹੋਰ ਵੀ ਸੰਖੇਪ ਦੁਹਰਾਈ ਹੈ। ਪਰ ਸਾਰੇ ਦੇ ਸਾਰੇ ਪਸ਼ੂਆਂ ਦੇ ਸਾਰੇ ਦੇ ਸਾਰੇ ਪਲਾਨ-ਬੱਧ ਅਮਲ ਧਰਤੀ ਉੱਤੇ ਆਪਣੀ ਛਾਪ ਨਾ ਛੱਡ ਸਕੇ। ਇਹ ਮਾਣ ਮਨੁੱਖ ਨੂੰ ਹੀ ਪ੍ਰਾਪਤ ਹੋਇਆ।

ਮੁੱਕਦੀ ਗੱਲ, ਪਸ਼ੂ ਕੇਵਲ ਬਾਹਰਲੀ ਪ੍ਰਕਿਰਤੀ ਨੂੰ ਵਰਤਦਾ ਹੈ ਅਤੇ ਕੇਵਲ ਆਪਣੀ ਮੌਜੂਦਗੀ ਨਲ ਉਸ ਵਿੱਚ ਤਬਦੀਲੀਆਂ ਲਿਆਉਂਦਾ ਹੈ। ਮਨੁੱਖ ਜਿਹੜੀਆਂ ਤਬਦੀਲੀਆਂ ਲਿਆਉਂਦਾ ਹੈ, ਉਹਨਾਂ ਰਾਹੀਂ ਉਹ ਪ੍ਰਕਿਰਤੀ ਤੋਂ ਆਪਣੀ ਸੇਵਾ ਕਰਵਾਉਂਦਾ,ਉਹਨੂੰ ਆਪਣੇ **ਅਧੀਨ ਕਰ ਲੈਂਦਾ ਹੈ**। ਉਹ ਹੈ ਮਨੁੱਖ ਤੇ ਪਸ਼ੂਆਂ ਵਿਚਕਾਰ ਅੰਤਿਮ, ਲਾਜ਼ਮੀ ਫ਼ਰਕ ਅਤੇ ਇੱਕ ਵਾਰ ਫੇਰ ਇਹ ਕਿਰਤ ਹੀ ਹੈ ਜਿਹੜੀ ਇਹ ਫ਼ਰਕ ਪੈਦਾ ਕਰਦੀ ਹੈ [8]।

ਪਰ ਪ੍ਰਕਿਰਤੀ ਉੱਤੇ ਮਨੁੱਖੀ ਜਿੱਤਾਂ ਉੱਪਰ ਸਾਨੂੰ ਹੱਦੋਂ ਵੱਧ ਮਾਣ ਨਹੀਂ ਕਰਨਾ ਚਾਹੀਦਾ ਕਿਉਂਕਿ ਹਰ ਜਿੱਤ ਲਈ ਪ੍ਰਕਿਰਤੀ ਸਾਥੋਂ ਬਦਲਾ ਲੈਂਦੀ ਹੈ। ਇਹ ਠੀਕ ਹੈ ਕਿ ਹਰ ਜਿੱਤ ਤੋਂ ਸਭ ਤੋਂ ਪਹਿਲਾਂ ਉਹੋ ਸਿੱਟੇ ਨਿੱਕਲਦੇ ਹਨ ਜਿਹੜੇ ਅਸੀਂ ਚਾਹੁੰਦੇ ਸਾਂ,ਪਰ ਦੂਜੀ ਅਤੇ ਤੀਜੀ ਥਾਂ ਉੱਕਾ ਹੀ ਵੱਖਰੇ, ਪਹਿਲੋਂ ਨਾ ਸੋਚੇ ਗਏ ਸਿੱਟੇ ਨਿੱਕਲਦੇ ਹਨ ਜਿਹੜੇ ਪਹਿਲੇ ਸਿੱਟਿਆਂ ਨੂੰ ਰੱਦ ਕਰ ਦੇਂਦੇ ਹਨ। ਮੈਸੋਪੋਟਾਮੀਆਂ, ਯੂਨਾਨ, ਏਸ਼ੀਆਈ ਕੋਚਕ ਅਤੇ ਹੋਰਨੀ ਥਾਈਂ ਵਾਹੀਯੋਗ ਹੋਰ ਜ਼ਮੀਨ ਪ੍ਰਾਪਤ ਕਰਨ ਲਈ ਜੰਗਲ਼ਾਂ ਨੂੰ ਉੱਕਾ ਹੀ ਤਬਾਹ ਕਰਨ ਵਾਲੇ ਲੋਕਾਂ ਨੇ ਕਦੀ ਇਹ ਨਹੀਂ ਸੀ ਸੋਚਿਆ ਕਿ ਉਹ ਜੰਗਲ਼ਾਂ ਦੇ ਨਾਲ ਨਾਲ ਪਾਣੀ ਦੇ ਸੰਗ੍ਰਿਹ-ਕੇਂਦਰਾਂ ਅਤੇ ਭੰਡਾਰਾਂ ਨੂੰ ਖ਼ਤਮ

ਕਰਕੇ ਇਹਨਾਂ ਦੇਸ਼ਾਂ ਦੀ ਅਜੋਕੀ ਤਬਾਹ ਹਾਲਤ ਦੀ ਬੁਨਿਆਦ ਰੱਖ ਰਹੇ ਹਨ। ਜਦੋਂ ਐਲਪਸ ਦੇ ਅਤਾਲਵੀਆਂ ਨੇ ਦੱਖ਼ਣੀ ਢਲਵਾਨਾਂ ਉੱਤਲੇ ਕੋਲ਼ੋਂ ਦੇ ਉਹ ਜੰਗਲ਼ ਪੂਰੇ ਦੇ ਪੂਰੇ ਵਰਤ ਲਏ ਜਿਹੜੇ ਉੱਤਰੀ ਢਲਵਾਨਾਂ ਉੱਤੇ ਖ਼ੂਬ ਸਾਂਭ ਕੇ ਰੱਖੇ ਗਏ ਸਨ ਤਾਂ ਉਹਨਾਂ ਨੂੰ ਇਸ ਗੱਲ ਦਾ ਚਿੱਤ ਚੇਤਾ ਵੀ ਨਹੀਂ ਸੀ ਕਿ ਉਹ ਆਪਣੇ ਖੇਤਰ ਵਿੱਚ ਦੁੱਧ ਦੀ ਸਨਅਤ ਦੀਆਂ ਜੜ੍ਹਾਂ ਕੱਟ ਰਹੇ ਹਨ; ਇਸ ਗੱਲ ਦਾ ਤਾਂ ਉਹਨਾਂ ਨੂੰ ਹੋਰ ਵੀ ਘੱਟ ਗਿਆਨ ਸੀ ਕਿ ਅਜਿਹਾ ਕਰਕੇ ਉਹ ਆਪਣੇ ਪਹਾੜੀ ਚਸ਼ਮਿਆਂ ਨੂੰ ਸਾਲ ਦੇ ਵਧੇਰੇ ਹਿੱਸੇ ਲਈ ਪਾਣੀ ਤੋਂ ਵਿਰਵਾ ਕਰ ਰਹੇ ਹਨ ਅਤੇ ਉਹਨਾਂ ਲਈ ਉਹ ਸੰਭਵ ਬਣਾ ਰਹੇ ਹਨ ਕਿ ਉਹ ਬਰਸਾਤ ਦੇ ਮੌਸਮ ਵਿੱਚ ਮੈਦਾਨਾਂ ਉੱਤੇ ਹੋਰ ਵਧੇਰੇ ਝਲਿਆਏ ਹੜ੍ਹ ਸੁੱਟਣ। ਯੂਰਪ ਵਿੱਚ ਆਲੂ ਫ਼ੈਲਾਉਣ ਵਾਲਿਆਂ ਨੂੰ ਇਹ ਉੱਕਾ ਹੀ ਪਤਾ ਨਹੀਂ ਸੀ ਕਿ ਨਸ਼ਾਸਤੇ ਵਾਲੇ ਇਹਨਾਂ ਕੰਦ-ਮੂਲਾਂ ਦੇ ਨਾਲ ਹੀ ਨਾਲ ਉਹ ਸ਼ਕਰੂਫ਼ਲਾਂ (Scrofula) ਦੀ ਬਿਮਾਰੀ ਵੀ ਫ਼ੈਲਾਅ ਰਹੇ ਹਨ। ਸੋ ਹਰ ਪੈਰ ਤੇ ਸਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਕਿਸੇ ਜੇਤੂ ਦੀ ਬਦੇਸ਼ੀ ਲੋਕਾਂ ਉੱਤੇ ਹਕੂਮਤ ਵਾਂਗ,ਪ੍ਰਕਿਰਤੀ ਤੋਂ ਬਾਹਰ ਖੜੇ ਕਿਸੇ ਮਨੁੱਖ ਵਾਂਗ ਪ੍ਰਕਿਰਤੀ ਉੱਤੇ ਰਾਜ ਨਹੀਂ ਕਰ ਰਹੇ ਸਗੋਂ ਅਸੀਂ,ਆਪਣੇ ਮਾਸ, ਖ਼ੂਨ ਅਤੇ ਦਿਮਾਗ਼ ਸਮੇਤ ਪ੍ਰਕਿਰਤੀ ਦਾ ਅੰਗ ਹਾਂ, ਅਤੇ ਇਹਦੇ ਉੱਤੇ ਸਾਡੀ ਸਰਦਾਰੀ ਇਸ ਗੱਲ ਵਿੱਚ ਹੈ ਕਿ ਸਾਨੂੰ ਹੋਰਨਾਂ ਜੀਵਾਂ ਉੱਤੇ ਇਹ ਲਾਭ ਪ੍ਰਾਪਤ ਹੈ ਕਿ ਅਸੀਂ ਪ੍ਰਕਿਰਤੀ ਦੇ ਨਿਯਮਾਂ ਨੂੰ ਜਾਣਦੇ ਅਤੇ ਠੀਕ ਤਰ੍ਹਾਂ ਲਾਗੂ ਕਰਦੇ ਹਾਂ।

ਅਤੇ, ਹਕੀਕਤ ਇਹ ਹੈ ਕਿ, ਹਰ ਲੰਘਦੇ ਦਿਨ ਅਸੀਂ ਇਹਦੇ ਨਿਯਮਾਂ ਨੂੰ ਵਧੇਰੇ ਠੀਕ ਤਰ੍ਹਾਂ ਸਮਝਣ ਅਤੇ ਪ੍ਰਕਿਰਤੀ ਦੇ ਰਵਾਇਤੀ ਰੌਂ ਵਿੱਚ ਸਾਡੇ ਦਖ਼ਲ ਦੇ ਵਧੇਰੇ ਫ਼ੌਰੀ ਅਤੇ ਦੁਰਾਡੇ ਸਿੱਟਿਆਂ ਨੂੰ ਸਮਝਣ ਲੱਗ ਪਏ ਹਾਂ। ਵਿਸ਼ੇਸ਼ ਤੌਰ ਤੇ ਚਾਲੂ ਸਦੀ ਵਿੱਚ ਪ੍ਰਕਿਰਤਕ ਵਿਗਿਆਨਾਂ ਦੀਆਂ ਬਲਵਾਨ ਸਫਲਤਾਵਾਂ ਕਾਰਨ ਅਸੀਂ ਸਦਾ ਵਧੇਰੇ ਅਜਿਹੀ ਪ੍ਰਸਥਿਤੀ ਵਿੱਚ ਆਉਂਦੇ ਜਾ ਰਹੇ ਹਾਂ ਜਿੱਥੇ ਅਸੀਂ ਘੱਟੋ-ਘੱਟ ਆਪਣੀਆਂ ਸਭ ਤੋਂ ਵੱਧ ਸਧਾਰਨ ਉਪਜਾਊ ਸਰਗਰਮੀਆਂ ਦੇ ਵਧੇਰੇ ਦੁਰਾਡੇ ਪ੍ਰਾਕਿਰਤਕ ਸਿੱਟੇ ਜਾਣ ਸਕਦੇ ਅਤੇ ਇਸੇ ਲਈ ਉਹਨਾਂ ਉੱਤੇ ਕੰਟਰੋਲ ਕਰ ਸਕਦੇ ਹਾਂ ਅਤੇ ਜਿੰਨਾਂ ਵਧੇਰੇ ਅਜਿਹਾ ਹੋਵੇਗਾ, ਉਤਨਾਂ ਵਧੇਰੇ ਮਨੁੱਖ ਪ੍ਰਕਿਰਤੀ ਨਾਲ ਆਪਣੀ ਇੱਕਮਿਕਤਾ ਨੂੰ ਨਾ ਕੇਵਲ ਜਾਨਣਗੇ ਸਗੋਂ ਡੂੰਘੀ ਤਰ੍ਹਾਂ ਅਨੁਭਵ ਵੀ ਕਰਨਗੇ ਅਤੇ ਮਨ ਅਤੇ ਪਦਾਰਥ ਵਿਚਕਾਰ, ਆਤਮਾਂ ਅਤੇ ਸਰੀਰ ਵਿਚਕਾਰ ਫ਼ਰਕ ਦਾ ਵਾਹਿਯਾਤ ਅਤੇ ਗੈਰ-ਕੁਦਰਤੀ ਵਿਚਾਰ ਜਿਹੜਾ ਕਲਾਸਕੀ ਪੁਰਾਤਨਤਾ ਦੇ ਨਿਘਾਰ ਪਿੱਛੋਂ ਯੂਰਪ ਵਿੱਚ ਫ਼ੈਲਿਆ ਅਤੇ ਇਸਾਈ ਮੱਤ ਵਿੱਚ ਸਭ ਤੋਂ ਵੱਧ ਵਿਸਥਾਰਤਾ ਨੂੰ ਅੱਪੜਿਆ, ਉਨਾਂ ਹੀ ਅਸੰਭਵ ਹੋ ਜਾਵੇਗਾ।

ਪਰ ਜਿੱਥੇ ਪੈਦਾਵਾਰ ਦੀ ਸੇਧ ਵਿੱਚ ਸਾਡੇ ਕਦਮਾਂ ਦੇ ਵਧੇਰੇ ਦੁਰਾਡੇ ਪ੍ਰਕਿਰਤਕ ਸਿੱਟੇ ਕੁੱਝ ਹੱਦ ਤੱਕ ਸਮਝ ਸਕਣ ਲਈ ਹੁਣ ਤੱਕ ਹਜ਼ਾਰਾਂ ਵਰ੍ਹਿਆਂ ਦੀ ਲੋੜ ਪਈ ਹੈ ਉੱਥੇ ਵਧੇਰੇ ਦੁਰਾਡੇ ਸਮਾਜੀ ਸਿੱਟਿਆਂ ਦਾ ਅੰਦਾਜ਼ਾ ਕਰ ਸਕਣ ਦਾ ਕੰਮ ਹੋਰ ਵੀ ਔਖਾ ਹੈ। ਅਸੀਂ ਆਲੂ ਅਤੇ ਇਹਦੇ ਸਿੱਟੇ ਵਜੋਂ ਫੈਲੇ ਸਕਰੂਫਲ਼ਾ ਦਾ ਜ਼ਿਕਰ ਕੀਤਾ ਹੈ। ਪਰ ਕਿਰਤੀਆਂ ਦੇ ਆਲੂ ਦੇ ਆਹਾਰ ਉੱਤੇ ਨਿਰਭਰ ਹੋ ਜਾਣ ਨਾਲ ਸਮੁੱਚੇ ਦੇਸ਼ਾਂ ਵਿੱਚ ਆਮ ਜਨਤਾ ਦੀਆਂ ਜੀਵਨ ਹਾਲਤਾਂ ਉੱਤੇ ਜਿਹੜਾ ਅਸਰ ਪਿਆ ਹੈ ਉਹਦੇ ਮੁਕਾਬਲੇ ਉੱਤੇ ਸਕਰੂਫਲ਼ਾ ਕੀ ਹੈ, ਜਾਂ ਉਸ ਕਾਲ ਦੇ ਮੁਕਾਬਲੇ ਉੱਤੇ ਹੀ ਇਸ ਬਿਮਾਰੀ ਦੀ ਕੀ ਮਹੱਤਤਾ ਹੈ ਜਿਹੜਾ 1847 ਵਿੱਚ ਆਇਰਲੈਂਡ ਵਿੱਚ ਆਲੂਆਂ ਦੀ ਫ਼ਸਲ ਤਬਾਹ ਹੋ ਜਾਣ ਕਾਰਨ ਪਿਆ ਅਤੇ ਜਿਸ ਵਿੱਚ ਦਸ ਲੱਖ ਲੋਕ, ਜਿਹੜੇ ਆਲੂਆਂ ਉੱਤੇ ਅਤੇ ਲਗਭਗ ਕੇਵਲ ਆਲੂਆਂ ਉੱਤੇ ਗੁਜ਼ਾਰਾ ਕਰਦੇ ਸਨ, ਮਰ ਗਏ ਅਤੇ ਵੀਹ ਲੱਖ

ਹੋਰਨਾਂ ਨੂੰ ਦੇਸ਼ ਛੱਡ ਕੇ ਸਮੁੰਦਰ ਪਾਰ ਜਾਣਾ ਪਿਆ। ਜਦੋਂ ਅਰਬਾਂ ਨੇ ਸ਼ਰਾਬ ਕੱਢਣਾ ਸਿੱਖ ਲਿਆ ਤਾਂ ਉਹਨਾਂ ਨੂੰ ਕਦੇ ਖਿਆਲ ਤੱਕ ਨਹੀਂ ਸੀ ਆਇਆ ਕਿ ਉਹ ਉਦੋਂ ਅਜੇ ਅਣ-ਲੱਭੇ ਅਮਰੀਕੀ ਮਹਾਂਦੀਪ ਦੇ ਆਦਿ ਵਾਸੀਆਂ ਦੀ ਤਬਾਹੀ ਦਾ ਮੁੱਖ ਹਥਿਆਰ ਸਿਰਜ ਰਹੇ ਹਨ। ਜਦੋਂ ਕੋਲੰਬਸ [9] ਨੇ ਅਮਰੀਕਾ ਲੱਭਿਆ ਤਾਂ ਉਹਨੂੰ ਇਹ ਖਿਆਲ ਤੱਕ ਵੀ ਨਹੀਂ ਸੀ ਕਿ ਅਜਿਹਾ ਕਰਕੇ ਉਹ ਯੂਰਪ ਵਿੱਚ ਪਹਿਲਾਂ ਹੀ ਖ਼ਤਮ ਹੋ ਚੁੱਕੀ ਗ਼ੁਲਾਮੀ-ਪ੍ਰਥਾ ਨੂੰ ਇੱਕ ਨਵਾਂ ਜੀਵਨ ਦੇ ਰਿਹਾ ਹੈ ਅਤੇ ਹਬਸ਼ੀਆਂ ਦੇ ਵੇਚਣ ਖ੍ਰੀਦਣ ਦੀ ਨੀਂਹ ਰੱਖ ਰਿਹਾ ਹੈ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਵਿੱਚ ਜਿਨ੍ਹਾਂ ਲੋਕਾਂ ਨੇ ਭਾਫ਼ ਇੰਜਣ ਬਣਾਉਣ ਲਈ ਮਿਹਨਤ ਕੀਤੀ ਉਹਨਾਂ ਨੂੰ ਵਿਚਾਰ ਵੀ ਨਹੀਂ ਸੀ ਕਿ ਉਹ,ਉਹ ਸਾਧਨ ਘੜ ਰਹੇ ਹਨ ਜਿਹੜਾ ਸਾਰੇ ਸੰਸਾਰ ਵਿੱਚ ਸਮਾਜੀ ਹਾਲਤਾਂ ਵਿੱਚ ਇਨਕਲਾਬ ਲਿਆਉਣ ਵਿੱਚ ਕਿਸੇ ਹੋਰ ਚੀਜ਼ ਨਾਲੋਂ ਵੱਧ ਹਿੱਸਾ ਪਾਵੇਗਾ। ਵਿਸ਼ੇਸ਼ ਤੌਰ ਤੇ ਯੂਰਪ ਵਿੱਚ ਇਹ ਸਾਰੀ ਸੰਪੱਤੀ ਇੱਕ ਘੱਟ-ਗਿਣਤੀ ਦੇ ਹੱਥ ਕੇਂਦ੍ਰਿਤ ਕਰਕੇ, ਜਦੋਂ ਕਿ ਬਹੁਤ ਵੱਡੀ ਬਹੁ-ਗਿਣਤੀ ਸੰਪਤੀ-ਹੀਣ ਹੋ ਜਾਵੇਗੀ, ਇਹ ਪਹਿਲਾਂ ਤਾਂ ਬੁਰਜੂਆਜ਼ੀ ਨੂੰ ਸਮਾਜੀ ਅਤੇ ਸਿਆਸੀ ਗ਼ਲਬਾ ਦੇਵੇਗਾ ਪਰ ਉਸ ਤੋਂ ਪਿੱਛੋਂ ਬੁਰਜੂਆਜ਼ੀ ਅਤੇ ਪ੍ਰੋਲੇਤਾਰੀ ਵਿਚਕਾਰ ਉਸ ਘੋਲ਼ ਦਾ ਆਰੰਭ ਕਰੇਗਾ ਜਿਸਦਾ ਅੰਤ ਕੇਵਲ ਬੁਰਜੂਆਜ਼ੀ ਦਾ ਤਖ਼ਤਾ ਉਲਟਣ ਅਤੇ ਸਮੁੱਚੇ ਜਮਾਤੀ ਵਿਰੋਧਾਂ ਦਾ ਅੰਤ ਹੋ ਜਾਣ ਵਿੱਚ ਹੋਵੇਗਾ। ਪਰ ਇਸ ਖੇਤਰ ਵਿੱਚ ਵੀ ਲੰਮੇ ਅਤੇ ਕਰੜੇ ਅਨੁਭਵ ਰਾਹੀਂ ਅਤੇ ਇਤਿਹਾਸਕ ਸਮੱਗਰੀ ਇਕੱਠੀ ਕਰਕੇ ਅਤੇ ਇਹਦਾ ਵਿਸ਼ਲੇਸ਼ਣ ਕਰਕੇ ਅਸੀਂ ਆਪਣੀ ਉਪਜਾਊ ਸਰਗਰਮੀ ਦੇ ਅਸਿੱਧੇ, ਵਧੇਰੇ ਦੁਰਾਡੇ ਸਮਾਜੀ ਸਿੱਟਿਆਂ ਨੂੰ ਸਾਫ਼ ਤਰ੍ਹਾਂ ਵੇਖਣਾ ਸਿੱਖ ਰਹੇ ਹਾਂ ਅਤੇ ਇਉਂ ਸਾਨੂੰ ਉਹ ਸੰਭਾਵਨਾਂ ਪ੍ਰਾਪਤ ਹੋ ਜਾਂਦੀ ਹੈ ਕਿ ਇਹਨਾਂ ਸਿੱਟਿਆਂ ਨੂੰ ਕਾਬੂ ਵਿੱਚ ਰੱਖ ਸਕੀਏ ਅਤੇ ਇਹਨਾਂ ਨੂੰ ਨੇਮ-ਬੱਧ ਬਣਾ ਸਕੀਏ।

ਪਰ ਇਸ ਨੇਮ-ਬੱਧਤਾ ਨੂੰ ਅਮਲ ਵਿੱਚ ਲਿਆਉਣ ਲਈ ਕੇਵਲ ਗਿਆਨ ਹੀ ਕਾਫ਼ੀ ਨਹੀਂ। ਉਹਦੇ ਲਈ ਸਾਡੇ ਅੱਜ ਤੱਕ ਦੇ ਪੈਦਾਵਾਰ ਦੇ ਪ੍ਰਬੰਧ ਅਤੇ ਇਹਦੇ ਨਾਲ ਹੀ ਨਾਲ ਸਾਡੇ ਸਮਕਾਲੀ ਸਮਾਜੀ ਪ੍ਰਬੰਧ ਵਿੱਚ ਮੁਕੰਮਲ ਇਨਕਲਾਬ ਦੀ ਲੋੜ ਹੈ।

ਅੱਜ ਤੱਕ ਜਿੰਨੇ ਪੈਦਾਵਾਰ ਦੇ ਪ੍ਰਬੰਧ ਰਹੇ ਹਨ ਉਹਨਾਂ ਦਾ ਮੰਤਵ ਕੇਵਲ ਕਿਰਤ ਦੇ ਫ਼ੌਰੀ ਅਤੇ ਸਿੱਧੀ ਤਰ੍ਹਾਂ ਲਾਭਦਾਇਕ ਸਿੱਟੇ ਪ੍ਰਾਪਤ ਕਰਨਾ ਸੀ। ਇਸ ਤੋਂ ਅੱਗੋਂ ਦੇ ਸਿੱਟੇ, ਜਿਹੜੇ ਕੇਵਲ ਪਿੱਛੋਂ ਜਾ ਕੇ ਪ੍ਰਗਟ ਹੁੰਦੇ ਹਨ ਅਤੇ ਜਿਹੜੇ ਘੜੀ-ਮੁੜੀ ਦੁਹਰਾਉਣ ਅਤੇ ਇਕੱਠੇ ਹੋਣ ਨਾਲ ਹੀ ਅਸਰਦਾਰ ਬਣਦੇ ਹਨ, ਅੱਖੋਂ ਉਹਲੇ ਕਰ ਦਿੱਤੇ ਗਏ। ਜ਼ਮੀਨ ਦੀ ਆਦਿ ਸਾਂਝੀ ਮਾਲਕੀ, ਇੱਕ ਹੱਥ ਤਾਂ ਮਨੁੱਖਾਂ ਦੇ ਵਿਕਾਸ ਦੀ ਪੱਧਰ ਦਾ,ਜਿਸ ਵਿੱਚ ਉਹਨਾਂ ਦਾ ਦਿਸਹੱਦਾ ਆਮ ਤੌਰ ਤੇ ਫ਼ੌਰੀ ਕੰਮਾਂ ਤੱਕ ਸੀਮਤ ਸੀ, ਅਨੁਸਾਰੀ ਸੀ ਅਤੇ ਦੂਜੇ ਹੱਥ ਇਹਦੇ ਵਿੱਚ ਪ੍ਰਾਪਤ ਭੂਮੀ ਦਾ ਵਾਧੂ ਹੋਣਾ ਪਹਿਲੋਂ ਹੀ ਮੰਨਿਆ ਜਾਂਦਾ ਹੈ, ਜਿਸ ਕਾਰਨ ਆਦਿ-ਕਾਲ ਜਿਹੀ ਆਰਥਿਕਤਾ ਦੇ ਸਿੱਟੇ ਕਾਰਨ ਉਪਜੇ ਭੈੜੇ ਸਿੱਟੇ ਠੀਕ ਕਰਨ ਦੀ ਗੁੰਜਾਇਸ਼ ਰਹਿੰਦੀ ਸੀ। ਜਦੋਂ ਇਹ ਵਾਧੂ ਭੂਮੀ ਖ਼ਤਮ ਹੋ ਗਈ ਤਾਂ ਸਾਂਝੀ ਮਾਲਕੀ ਵਿੱਚ ਗਿਰਾਵਟ ਆ ਗਈ। ਪਰ ਪੈਦਾਵਾਰ ਦੇ ਸਭਨਾਂ ਉਚੇਰੇ ਰੂਪਾਂ ਦਾ ਸਿੱਟਾ ਵਸੋਂ ਦਾ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡੇ ਜਾਣ ਵਿੱਚ ਅਤੇ ਇਉਂ ਹਾਕਮ ਅਤੇ ਲੁਟੀਂਦੀਆਂ ਜਮਾਤਾਂ ਵਿਚਕਾਰ ਟੱਕਰਾਂ ਪੈਦਾ ਹੋਣ ਵਿੱਚ ਨਿੱਕਲਿਆ। ਸੋ ਜਿਥੋਂ ਤੱਕ ਉਪਜ ਕੇਵਲ ਲੁਟੀਂਦੇ ਲੋਕਾਂ ਦੀ ਗੁਜ਼ਰ-ਬਸਰ ਦੀ ਘੱਟ ਤੋਂ ਘੱਟ ਲੋੜਾਂ ਤੱਕ ਸੀਮਤ ਨਹੀਂ ਸੀ, ਹਾਕਮ ਜਮਾਤ ਦੇ ਹਿੱਤ ਪੈਦਾਵਾਰ ਦਾ ਮੁੱਖ ਪ੍ਰੇਰਕ ਅੰਸ਼ ਬਣ ਗਏ। ਅੱਜ-ਕੱਲ੍ਹ ਪੱਛਮੀ ਯੂਰਪ ਵਿੱਚ ਪੈਦਾਵਾਰ ਦਾ ਜਿਹੜਾ ਢੰਗ ਪ੍ਰਚੱਲਤ ਹੈ ਉਸ ਵਿੱਚ ਇਹ ਅਤਿਅੰਤ ਪੂਰੀ ਤਰ੍ਹਾਂ

ਲਾਗੂ ਕੀਤਾ ਗਿਆ ਹੈ। ਵਿਕੋਲਿਤਰੇ ਸਰਮਾਏਦਾਰ, ਜਿੰਨ੍ਹਾਂ ਦਾ ਪੈਦਾਵਾਰ ਅਤੇ ਵਪਾਰ ਉੱਤੇ ਗ਼ਲਬਾ ਹੈ, ਆਪਣੇ ਅਮਲਾਂ ਦੇ ਅਤਿਅੰਤ ਫ਼ੌਰੀ ਲਾਭਦਾਇਕ ਸਿੱਟਿਆਂ ਦਾ ਹੀ ਖ਼ਿਆਲ ਰੱਖਦੇ ਹਨ। ਨਿਸ਼ਚੇ ਹੀ, ਇਹ ਲਾਹੇਵੰਦਾ ਸਿੱਟਾ ਵੀ- ਜਿੱਥੋਂ ਤੱਕ ਪੈਦਾਵਾਰੀ ਜਾਂ ਵਪਾਰਕ ਵਸਤੂ ਦਾ ਸੰਬੰਧ ਹੈ-ਬਿਲਕੁਲ ਪਿਛੋਕੜ ਵਿੱਚ ਚਲਾ ਜਾਂਦਾ ਹੈ ਅਤੇ ਇਹਨੂੰ ਵੇਚਣ ਰਾਹੀਂ ਪ੍ਰਾਪਤ ਹੋਣ ਵਾਲਾ ਨਫ਼ਾ ਇੱਕੋ ਇੱਕ ਪ੍ਰੇਰਕ ਰਹਿ ਜਾਂਦਾ ਹੈ।

***

ਬੁਰਜੂਆਜ਼ੀ ਦਾ ਸਮਾਜੀ ਵਿਗਿਆਨ, ਕਲਾਸਕੀ ਰਾਜਨੀਤਿਕ ਆਰਥਿਕਤਾ, ਮੁੱਖ ਤੌਰ ਤੇ ਪੈਦਾਵਾਰ ਤੇ ਵਪਾਰ ਨਾਲ ਸੰਬੰਧਤ ਮਨੁੱਖੀ ਅਮਲਾਂ ਦੇ ਸਿੱਧੇ ਇੱਛਤ ਸਮਾਜੀ ਅਸਰਾਂ ਨੂੰ ਹੀ ਲੈਂਦਾ ਹੈ। ਇਹ ਪੂਰੀ ਤਰ੍ਹਾਂ ਉਸ ਸਮਾਜੀ ਬਣਤਰ ਦਾ ਅਨੁਸਾਰੀ ਹੈ ਜਿਸਦਾ ਇਹ ਵਿਚਾਰਧਾਰਕ ਪ੍ਰਗਟਾਅ ਹੈ। ਕਿਉਂਕਿ ਵਿਕੋਲਿਤਰੇ, ਸਰਮਾਏਦਾਰ ਫ਼ੌਰੀ ਨਫ਼ੇ ਲਈ ਹੀ ਪੈਦਾਵਾਰ ਤੇ ਵਪਾਰ ਵਿੱਚ ਲੱਗੇ ਹੋਏ ਹਨ ਇਸ ਲਈ ਸਭ ਤੋਂ ਪਹਿਲਾਂ ਅਤਿਅੰਤ ਨੇੜਵੇਂ, ਅਤਿਅੰਤ ਫ਼ੌਰੀ ਸਿੱਟਆਂ ਨੂੰ ਹੀ ਮੁੱਖ ਰੱਖਿਆ ਜਾ ਸਕਦਾ ਹੈ। ਜਿੱਥੋਂ ਤੱਕ ਕੋਈ ਕਾਰਖ਼ਾਨੇਦਾਰ ਜਾਂ ਵਪਾਰੀ ਕਿਸੇ ਤਿਆਰ ਕੀਤੀ ਜਾਂ ਖ੍ਰੀਦੀ ਵਸਤੂ ਨੂੰ ਸਧਾਰਨ ਮਨ ਚਾਹੇ ਨਫ਼ੇ ਤੇ ਵੇਚਦਾ ਹੈ,ਉਹ ਸੰਤੁਸ਼ਟ ਰਹਿੰਦਾ ਹੈ ਅਤੇ ਇਸ ਗੱਲ ਦੀ ਉੱਕਾ ਹੀ ਕੋਈ ਫ਼ਿਕਰ ਨਹੀਂ ਕਰਦਾ ਕਿ ਪਿੱਛੋਂ ਜਾ ਕੇ ਉਸ ਵਸਤੂ ਜਾਂ ਉਸਨੂੰ ਖ੍ਰੀਦਣ ਵਾਲਿਆਂ ਨਾਲ ਕੀ ਵਾਪਰਦੀ ਹੈ। ਉਸੇ ਅਮਲ ਦੇ ਪ੍ਰਕਿਰਤਕ ਸਿੱਟਿਆਂ ਸੰਬੰਧੀ ਵੀ ਇਹੋ ਗੱਲ ਲਾਗੂ ਹੁੰਦੀ ਹੈ। ਕਿਊਬਾ ਵਿੱਚ ਜਿੰਨ੍ਹਾਂ ਸਪੇਨੀ ਬਗਾਨ ਮਾਲਕਾਂ ਨੇ ਪਹਾੜਾਂ ਦੀਆਂ ਢਲਵਾਨਾਂ ਉੱਤੇ ਜੰਗਲ਼ ਸਾੜ ਦਿੱਤੇ ਅਤੇ ਉਹਨਾਂ ਦੀ ਸਵਾਹ ਤੋਂ ਕਾਫ਼ੀ ਦੇ ਅਤਿ-ਉਪਜਾਊ ਰੁੱਖਾਂ ਦੀ ਇੱਕ ਪੀੜ੍ਹੀ ਲਈ ਚੋਖੀ ਖ਼ਾਦ ਪ੍ਰਾਪਤ ਕਰ ਲਈ,ਉਹਨਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਾ ਰਹੀ ਕਿ ਪਿੱਛੋਂ ਆਉਣ ਵਾਲਾ ਤਪਤ-ਖੰਡਾਂ ਦਾ ਭਾਰੀ ਮੀਂਹ ਹੁਣ ਅਸੁਰੱਖਿਅਤ ਹੋ ਗਈ ਧਰਤੀ ਦੀ ਉੱਪਰਲੀ (ਉਪਜਾਊ) ਤਹਿ ਵਹਾ ਕੇ ਲੈ ਜਾਵੇਗਾ ਅਤੇ ਆਪਣੇ ਪਿੱਛੇ ਕੇਵਲ ਨੰਗੀਆਂ ਚਟਾਨਾਂ ਹੀ ਛੱਡ ਜਾਵੇਗਾ! ਜਿਹਾ ਇਹ ਸਮਾਜ ਦੇ ਸੰਬੰਧ ਵਿੱਚ ਕਰਦਾ ਹੈ ਉਸੇ ਤਰ੍ਹਾਂ ਹੀ ਉਪਜ ਦਾ ਅਜੋਕਾ ਪ੍ਰਬੰਧ ਪ੍ਰਕਿਰਤੀ ਦੇ ਸੰਬੰਧ ਵਿੱਚ ਵੀ ਮੁੱਖ ਤੌਰ ਤੇ ਕੇਵਲ ਪਹਿਲੇ, ਅਤਿਅੰਤ ਠੋਸ ਸਿੱਟੇ ਨਾਲ ਸੰਬੰਧਤ ਹੈ ; ਅਤੇ ਫੇਰ ਇਸ ਸੰਬੰਧੀ ਹੈਰਾਨੀ ਪ੍ਰਗਟ ਕੀਤੀ ਜਾਂਦੀ ਹੈ ਕਿ ਇਸ ਸੇਧ ਵਿੱਚ ਚੁੱਕੇ ਗਏ ਕਦਮਾਂ ਦੇ ਵਧੇਰੇ ਦੁਰਾਡੇ ਸਿੱਟੇ ਉੱਕਾ ਹੀ ਵੱਖਰੇ , ਸਗੋਂ ਮੁੱਖ ਤੌਰ ਤੇ ਉੱਕਾ ਹੀ ਉਲਟੇ ਖਾਸੇ ਵਾਲੇ ਹੁੰਦੇ ਹਨ ; ਕਿ ਮੰਗ ਅਤੇ ਮੰਗ ਪੂਰਤੀ ਵਿਚਕਾਰ ਸੁਰਮੇਲ ਬਿਲਕੁਲ ਹੀ ਉਲਟੀ ਗੱਲ ਬਣ ਜਾਂਦਾ ਹੈ, ( ਜਿਹਾ ਕਿ ਹਰ ਦਸਾਂ ਵਰ੍ਹਿਆਂ ਦੇ ਸੱਨਅਤੀ ਚੱਕਰ ਵਿੱਚ ਦਿਸਦਾ ਹੈ ਅਤੇ ਜਿਸਦਾ ਜਰਮਨੀ ਤੱਕ ਨੂੰ ਵੀ "ਗਿਰਾਵਟ"[10] ਦੇ ਸਮੇਂ ਮੁੱਢਲਾ ਅਨੁਭਵ ਹੋ ਚੁੱਕਾ ਹੈ ), ਕਿ ਮਨੁੱਖ ਦੀ ਆਪਣੀ ਕਿਰਤ ਉੱਤੇ ਆਧਾਰਿਤ ਨਿੱਜੀ ਮਾਲਕੀ ਦਾ ਸਿੱਟਾ ਕਿਰਤੀ ਦੇ ਸੰਪਤੀ-ਹੀਣ ਹੋ ਜਾਣ ਵਿੱਚ ਨਿੱਕਲਦਾ ਹੈ, ਜਦੋਂ ਕਿ ਸਦਾ ਵਧੇਰੇ ਮਾਤਰਾ ਵਿੱਚ ਸੰਪੱਤੀ ਗ਼ੈਰ-ਕਿਰਤੀਆਂ ਦੇ ਹੱਥਾਂ ਵਿੱਚ ਇਕੱਠੀ ਹੋ ਜਾਂਦੀ ਹੈ ਅਤੇ [ ........।[11]

**ਫ਼ਰੈਡਰਿਕ ਏਂਗਲਜ਼ ਨੇ 1876 ਵਿੱਚ ਲਿਖਿਆ ।**

**ਸਭ ਤੋਂ ਪਹਿਲਾਂ (Die Neue Zeit) Bd-2, ਨੰ : 44,1885 ਵਿੱਚ ਛਪਿਆ।**

**ਖਰੜੇ ਅਨੁਸਾਰ ਛਪਿਆ।**

**ਮੂਲ ਜਰਮਨ ਭਾਸ਼ਾ ਵਿੱਚ।**

# ਨੋਟ

1) **ਡਾਰਵਿਨ,ਚਾਰਲਸ ਰਾਬਰਟ** (1809-1882)- ਬਰਤਾਨਵੀ ਪ੍ਰਕਿਰਤਕ ਵਿਗਿਆਨੀ, ਜੈਵ ਸੰਸਾਰ ਦੇ ਵਿਗਿਆਨਕ ਵਿਕਾਸ ਦੇ ਸਿਧਾਂਤ ਦਾ ਮੋਢੀ।- (ਸੰਪਾਦਕ)

2) ਵੇਖੋ ਚਾਰਲਸ ਡਾਰਵਿਨ,"**ਮਨੁੱਖ ਦਾ ਵਿਕਾਸ**" ਅਤੇ "**ਲਿੰਗ ਦੇ ਸਬੰਧ ਵਿੱਚ ਜੀਵਾਂ ਦੀ ਚੋਣ**" << **The Descent of Man**>> ਅਤੇ << **Selection in Relation to Sex**>>, Vol-I,London,1871)- (ਸੰਪਾਦਕ)

3) **ਰਾਫੇਲ, ਸ਼ਾਂਤੀ** (1483-1520)- ਪੁਨਰ-ਜਾਗ੍ਰਤੀ ਦੇ ਯੁੱਗ ਦਾ ਮਹਾਨ ਅਤਾਲਵੀ ਚਿੱਤਰਕਾਰ।- (ਸੰਪਾਦਕ)

4) **ਥੋਰਵਾਲਡਸੇਨ , ਬਰਟੇਲ** (1768-1844)- ਡੈੱਨਮਾਰਕ ਦਾ ਉੱਘਾ ਮੂਰਤੀਕਾਰ- (ਸੰਪਾਦਕ)

5) **ਪਾਗਾਨਾਨੀ, ਨਿਕੋਲੋ** (1782-1840)- ਮਹਾਨ ਅਤਾਲਵੀ ਵਾਇਲਨ ਵਾਦਕ ਅਤੇ ਸਵਰਕਾਰ।-(ਸੰਪਾਦਕ)

6) ਇਸ ਸਬੰਧ ਵਿੱਚ ਇੱਕ ਮੁੱਖ ਅਧਿਕਾਰੀ ਵਿਦਵਾਨ ਸਰ ਵਿਲੀਅਮ ਥਾਮਸਨ ਨੇ (**ਥਾਮਸਨ, ਵਿਲੀਅਮ** (1824-1907), ਬਰਤਾਨਵੀ ਭੌਤਿਕ ਵਿਗਿਆਨੀ, 1852 ਵਿੱਚ ਉਹਨੇ "**ਸੰਸਾਰ ਦੀ ਗਰਮੀ ਕਾਰਨ ਮੌਤ**" ਦੀ ਆਦਰਸ਼ਵਾਦੀ ਮਿੱਥ ਪੇਸ਼ ਕੀਤੀ। -ਸੰਪਾਦਕ) ਹਿਸਾਬ ਲਾਇਆ ਹੈ ਕਿ ਜਦੋਂ ਧਰਤੀ ਏਨੀ ਠੰਢੀ ਹੋ ਗਈ ਕਿ ਉਸ ਉੱਤੇ ਪੌਦੇ ਅਤੇ ਪਸ਼ੂ ਜਿਉਂਦੇ ਰਹਿ ਸਕਣ, ਉਸ ਸਮੇਂ ਤੋਂ ਦਸ ਕਰੋੜ ਵਰ੍ਹੇ ਤੋਂ ਵੱਧ ਲੰਘੇ ਹੋਣਗੇ।(ਏਂਗਲਜ਼ ਦਾ ਨੋਟ)

7) ਇੱਥੇ ਫ਼ਰੈਡਰਿਕ ਏਂਗਲਜ਼ ਜਰਮਨ ਵਿਰਕਤ ਲਾਬਿਓ ਨੋਟਕਰ ਦੀ ਸ਼ਹਾਦਤ ਦਾ ਜ਼ਿਕਰ ਕਰਦਾ ਹੈ ਜਿਸ ਦੀ ਟੂਕ ਜੇ. ਗਰਿਮ ਨੇ ਆਪਣੀ ਕਿਤਾਬ : J.Grimm << Deutsche Rechtsalterthumer>>. Gottingen.1828,S.488.("ਜਰਮਨੀ ਦੀਆਂ ਪ੍ਰਾਚੀਨ ਨਿਸ਼ਾਨੀਆਂ", ਗੋਟਿੰਗਨ) ਵਿੱਚ ਦਿੱਤੀ।

8) ਹਾਸ਼ੀਏ ਉੱਤੇ ਏਂਗਲਜ਼ ਦਾ ਨੋਟ ; " ਮਾਣ-ਮੱਤਾ ਬਣਾਉਂਦੀ ਹੈ "।- (ਸੰਪਾਦਕ)

9) **ਕੋਲੰਬਸ, ਕ੍ਰਿਸਟੋਫ਼ਰ** (1451-1566)- ਉੱਘਾ ਜਹਾਜ਼ੀ ਜਿਸ ਨੇ 1492 ਵਿੱਚ ਅਮਰੀਕਾ ਲੱਭਿਆ। ਉਹ ਜਨੋਆ ਦਾ ਨਿਵਾਸੀ ਸੀ ਅਤੇ ਸਪੇਨ ਦਾ ਮੁਲਾਜ਼ਮ ਸੀ।-(ਸੰਪਾਦਕ)

10) ਇੱਥੇ ਇਸ਼ਾਰਾ 1873 ਦੇ ਆਰਥਕ ਸੰਕਟ ਵੱਲ ਹੈ। ਜਰਮਨੀ ਵਿੱਚ ਇਹ ਮਈ 1873 ਵਿੱਚ " ਭਿਆਨਕ ਗਿਰਾਵਟ " ਨਾਲ ਸ਼ੁਰੂ ਹੋਇਆ ਅਤੇ ਇਹ ਉਸੇ ਲੰਮੇ ਸੰਕਟ ਦਾ ਮੁੱਢ ਸੀ ਜਿਹੜਾ ਅੱਠਵੇਂ ਦਹਾਕੇ ਦੇ ਅੰਤ ਤੱਕ ਜਾਰੀ ਰਿਹਾ।- (ਸੰਪਾਦਕ)

11) ਲੇਖ ਦਾ ਖਰੜਾ ਇੱਥੇ ਮੁੱਕ ਜਾਂਦਾ ਹੈ।- (ਸੰਪਾਦਕ)

ਅਰਥ–ਵਿਗਿਆਨੀਆਂ ਦਾ ਦਾਅਵਾ ਹੈ ਕਿ ਕਿਰਤ ਕੁੱਲ ਸੰਪੱਤੀ ਦਾ ਸ੍ਰੋਤ ਹੈ। ਅਸਲ ਵਿੱਚ ਇਹ ਸ੍ਰੋਤ ਤਾਂ ਹੈ ਪਰ ਪ੍ਰਕ੍ਰਿਤੀ ਤੋਂ ਪਿਛੋਂ। ਪ੍ਰਕ੍ਰਿਤੀ ਹੀ ਇਹਨੂੰ ਉਹ ਸਮੱਗਰੀ ਦਿੰਦੀ ਹੈ ਜਿਸਨੂੰ ਇਹ ਸੰਪੱਤੀ ਵਿੱਚ ਤਬਦੀਲ ਕਰਦੀ ਹੈ। ਪਰ ਉਹ ਇਹਦੇ ਤੋਂ ਵੀ ਕਿਤੇ ਵੱਡੀ ਚੀਜ਼ ਹੈ। ਉਹ ਸਮੁੱਚੀ ਮਨੁੱਖੀ ਹੋਂਦ ਦੀ ਪਹਿਲੀ ਬੁਨਿਆਦੀ ਸ਼ਰਤ ਹੈ ਅਤੇ ਇਸ ਹੱਦ ਤੱਕ ਪਹਿਲੀ ਬੁਨਿਆਦੀ ਸ਼ਰਤ ਹੈ ਕਿ ਇੱਕ ਅਰਥ ਵਿੱਚ ਸਾਨੂੰ ਕਹਿਣਾ ਪਏਗਾ ਕਿ ਖ਼ੁਦ ਮਨੁੱਖ ਦੀ ਸਿਰਜਣਾ ਵੀ ਕਿਰਤ ਨੇ ਹੀ ਕੀਤੀ ਹੈ।

–ਇਸੇ ਕਿਤਾਬ ਵਿੱਚੋਂ

ਬਾਦਵਾਨ ਪ੍ਰਕਾਸ਼ਨ

★★ ਕੀਮਤ–15 ਰੁਪਏ